# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **20.12.2019**

# ਦੀ ਕਾਰਵਾਈ

(ਮਤਾ ਨੰ: **207-223**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 20.12.2019 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.12.2019

**ਮਤਾ ਨੰਬਰ:-207**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 6.12.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 6.12.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:

ਪਿਛਲੀ ਮੀਟਿੰਗ ਦੀ ਮੱਦ ਨੰ: 205 ਸਬੰਧ ਫੈਸਲਾ ਹੋਇਆ ਸੀ ਕਿ ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਫੈਸਲਾ ਹੋਇਆ ਕਿ ਇਹਨਾਂ ਟਰਾਲੀਆਂ ਪਾਸੋਂ ਲਏ ਜਾਣ ਵਾਲੇ ਕੰਮਾਂ ਲਈ ਕੀਤੀ ਗਈ ਪਲਾਨਿੰਗ ਸਬੰਧੀ ਰਿਪੋਰਟ ਲਿਖ਼ਤੀ ਰੂਪ ਵਿੱਚ ਕਮੇਟੀ ਨੂੰ ਪੇਸ਼ ਕੀਤੀ ਜਾਵੇ। ਇਹ ਵੀ ਫੈਸਲਾ ਹੋਇਆ ਕਿ ਪਿਛਲੀਆਂ ਟਰਾਲੀਆਂ ਨੂੰ ਐਨ.ਆਈ.ਟੀ. ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਬੰਧੀ ਸਮੇਤ ਮਿਸਲਾਂ ਕਮੇਟੀ ਨੂੰ ਪੇਸ਼ ਕੀਤੀਆਂ ਜਾਣ। ਪ੍ਰੰਤੂ ਇਹ ਰਿਪੋਰਟ ਕਮੇਟੀ ਨੂੰ ਪੇਸ਼ ਨਹੀਂ ਕੀਤੀ ਗਈ ਜਿਸ ਤੇ ਸਮੂਹ ਕਮੇਟੀ ਮੈਂਬਰਾਂ ਵਲੋਂ ਰੋਸ਼ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਕਿਹਾ ਕਿ ਮੀਟਿੰਗ ਵਿੱਚ ਲਏ ਜਾਂਦੇ ਫੈਸਲਿਆਂ ਸਬੰਧੀ ਸਬੰਧਤ ਵਿਭਾਗਾਂ ਵਲੋਂ ਸਮੇਂ ਸਿਰ ਜਵਾਬ ਨਹੀਂ ਦਿੱਤੇ ਜਾਂਦੇ ਜਾਂ ਕਾਰਵਾਈ ਨਹੀਂ ਕੀਤੀ ਜਾਂਦੀ ਜਿਸ ਕਰਕੇ ਇਸ ਤਰ੍ਹਾਂ ਮੀਟਿੰਗਾਂ ਕਰਨ ਦਾ ਕੋਈ ਮਤਲਬ ਨਹੀਂ ਹੈ । ਅੱਗੋਂ ਤੋਂ ਇਸ ਗੱਲ ਨੂੰ ਸੁਨਿਸ਼ਚਿਤ ਕੀਤਾ ਜਾਵੇ ਕਿ ਮੀਟਿੰਗ ਵਿੱਚ ਲਏ ਜਾਂਦੇ ਫੈਸਲਿਆਂ ਤੇ ਸਮਾਂਬੱਧ ਕਾਰਵਾਈ ਕਰਵਾਈ ਜਾਵੇ।ਸਯੁੰਕਤ ਕਮਿਸ਼ਨਰ (ਐਚ) ਵਲੋਂ ਦੱਸਿਆ ਗਿਆ ਕਿ ਟਰਾਲੀਆਂ ਪਾਸੋਂ ਲਏ ਜਾਣ ਵਾਲੇ ਕੰਮਾਂ ਸਬੰਧੀ ਕੀਤੀ ਗਈ ਪਲਾਨਿੰਗ ਤਿਆਰ ਹੈ ਜਿਸ ਤੇ ਫੈਸਲਾ ਹੋਇਆ ਕਿ ਇਹ ਦਸਤਾਵੇਜ਼ ਕਮੇਟੀ ਮੈਂਬਰਾਂ ਨੂੰ ਉਹਨਾਂ ਦੀ ਰਿਹਾਇਸ਼ ਤੇ ਪਹੁੰਚਾਏ ਜਾਣ ਤਾਂ ਜ਼ੋ ਅਗਲੀ ਮੀਟਿੰਗ ਵਿੱਚ ਇਸ ਸਬੰਧੀ ਫੈਸਲਾ ਲਿਆ ਜਾ ਸਕੇ ।

ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
20.12.2019

ਮਤਾ ਨੰਬਰ:-208

ਵਿਸ਼ਾ:- ਓ.ਐਂਡ.ਐਮ ਸ਼ਾਖਾ ਦੇ ਟਿਊਬਵੈਲਾਂ ਨਾਲ ਸਬੰਧਤ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 6.12.2019 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਵੇਂ/ਰਿਪਲੇਸਮੈਂਟ ਦੇ ਲਗਾਏ ਜਾਣ ਵਾਲੇ ਟਿਊਬਵੈਲਾਂ ਦੇ ਤਖਮੀਨੇ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No | W. No. | Name of work | Tender Calling Amount | Name of Agency | Saving | Tender Amt. Rs. | House Reso No. | Tender called (No. of times) | No. of bids received |
|---|---|---|---|---|---|---|---|---|---|
| 1 | 61 | Installation of Deep Hand Bore Tubewell at Aman Nagar Replacement | 1171599/- | ਸ਼੍ਰੀ ਸੁਭਾਸ਼ ਸ਼ਰਮਾ | 0.50% | 1165741/- | Anti | 3 | 1 |
| 2 | 50 | Installation of Deep Hand Bore Tubewell at Pucca Bagh | 1156599/- | ਸ਼੍ਰੀ ਸੁਭਾਸ਼ ਸ਼ਰਮਾ | 0.50% | 1150816/- | Anti | 3 | 1 |
| 3 | 51 | Installation of Deep Hand Bore Tubewell at Ali Mohalla (nickel polish wali gali) | 1051599/- | ਸ਼੍ਰੀ ਸੁਭਾਸ਼ ਸ਼ਰਮਾ | 0.50% | 1046341/- | Anti | 3 | 1 |
| 4 | 18 | Installation of Deep Hand Bore Tubewell at Rishi Nagar [Anti] | 1129302/- | ਸ਼੍ਰੀ ਸੁਭਾਸ਼ ਸ਼ਰਮਾ | 0.50% | 1123655/- | Anti | 3 | 1 |

ਇਸ ਲਈ ਉਪਰੋਕਤ ਕੰਮਾਂ ਦੇ ਟੈਂਡਰ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲਾ ਹਿੱਤ ਪੇਸ਼ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 6.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਦੀ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਕਮੇਟੀ ਨੇ ਹਦਾਇਤ ਕੀਤੀ ਕਿ 30 ਸਾਲ ਪਹਿਲਾਂ ਸ਼ਹਿਰ ਦੀ ਕਿੰਨੀ ਅਬਾਦੀ ਸੀ, ਕਿੰਨੇ ਟਿਊਬਵੈਲ ਲੱਗੇ ਸਨ। ਉਸ ਉਪਰੰਤ ਹੁਣ ਤੱਕ ਕਿੰਨੀ ਅਬਾਦੀ ਵੱਧ ਚੁੱਕੀ ਹੈ ਅਤੇ ਕਿੰਨੇ ਟਿਊਬਵੈਲ ਲੱਗ ਚੁੱਕੇ ਹਨ ਅਤੇ ਟਿਊਬਵੈਲਾਂ ਨੂੰ ਲਗਾਉਣ ਦਾ ਕੀ Criteria ਹੈ, ਕਮੇਟੀ ਨੂੰ ਅਗਲੀ ਮੀਟਿੰਗ ਵਿੱਚ ਦੱਸਿਆ ਜਾਵੇ । ਫੈਸਲਾ ਹੋਇਆ ਕਿ ਮਤੇ ਵਿੱਚ ਦਰਜ ਲੜੀ ਨੰ: 1 ਸਬੰਧੀ ਜੇਕਰ ਠੇਕੇਦਾਰ/ਏਜੰਸੀ 1% (ਇੱਕ ਪ੍ਰਤੀਸ਼ਤ) ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ ਅਤੇ ਬਾਕੀ ਦੇ ਟੈਂਡਰਾਂ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

**ਮਤਾ ਨੰਬਰ:-209**

ਵਿਸ਼ਾ:- ਓ.ਐਂਡ.ਐਮ ਸ਼ਾਖਾ ਦੇ ਟਿਊਬਵੈਲਾਂ ਨਾਲ ਸਬੰਧਤ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜ੍ਹਿਆ ਨੋਟ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਮਿਤੀ 11.12.2019 ਕਿ ਉਪਰੋਕਤ ਵਿਸ਼ੇ ਅਧੀਨ ਵੱਖ-ਵੱਖ ਇਲਾਕਿਆਂ ਵਿੱਚ ਨਵੇਂ/ ਰਿਪਲੇਸਮੇਂਟ ਦੇ ਲਗਾਏ ਜਾਣ ਵਾਲੇ ਟਿਊਬਵੈਲਾਂ ਦੇ ਤਖਮੀਨੇ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤੇ ਗਏ ਸਨ, ਜਿਨ੍ਹਾਂ ਦੇ ਟੈਂਡਰ ਪ੍ਰਾਪਤ ਹੋਣ ਉਪਰੰਤ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਰਖੇ ਗਏ ਸਨ। ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 190 ਮਿਤੀ 21.11.2019 ਰਾਹੀਂ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਕਿ:-

ਵਿਚਾਰਨ ਉਪਰੰਤ ਹਾਲ ਦੀ ਘੜੀ ਇਹ ਮੱਦ ਲੰਬਿਤ ਰਖੀ ਜਾਂਦੀ ਹੈ। ਨਿਗਰਾਨ ਇਜੀਨੀਅਰ, ਓ.ਐਂਡ.ਐਮ ਵਲੋਂ ਦਸਿਆ ਗਿਆ ਕਿ ਮੈਸ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਪਾਸ ਪਹਿਲਾਂ ਅਲਾਟ 19 ਟਿਊਬਵੈਲਾਂ ਦੇ ਟੈਂਡਰਾ ਵਿਚੋਂ ਹਾਲ ਦੀ ਘੜੀ 5 ਟਿਊਬਵੈਲਾਂ ਦਾ ਕੰਮ ਕੀਤਾ ਜਾ ਰਿਹਾ ਹੈ ਅਤੇ 14 ਕੰਮ ਸ਼ੁਰੂ ਕਰਨੇ ਹਨ। ਇਸ ਉਪਰੰਤ ਫੈਸਲਾ ਹੋਇਆ ਕਿ ਨਿਗਰਾਨ ਇੰਜੀਨੀਅਰ, ਓ.ਐਂਡ.ਐਮ ਵਲੋਂ ਮੈਸ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਦੀ ਬਿਡਿੰਗ ਕਪੈਸਟੀ ਨੂੰ ਐਨਾਲਾਈਜ ਕਰਕੇ ਰਿਪੋਰਟ ਕਮੇਟੀ ਨੂੰ ਪੇਸ਼ ਕੀਤੀ ਜਾਵੇ।

ਉਪਰੋਕਤ ਫੈਸਲੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਪੰਜਾਬ ਵਲੋਂ ਜਾਰੀ ਕੀਤੀਆਂ ਗਈਆਂ SOP (Standard operating procedure) ਮਿਤੀ 02.08.2018 ਦੀ ਕਲਾਜ 4.4(II) ਅਨੁਸਾਰ ਤਖਮੀਨਾ ਰੁਪਏ 1.00 ਕਰੋੜ ਤੋਂ ਉਪਰ ਦੇ ਕੰਮਾਂ ਵਿੱਚ PWD (B&R) ਪੰਜਾਬ ਦੇ Standard Bid Document ਨੂੰ follow ਕੀਤਾ ਜਾਣਾ ਹੈ। ਇਸ ਲਈ ਇਸ ਟੈਂਡਰ ਦੀਆਂ DNIT ਦੀਆਂ ਸ਼ਰਤਾਂ ਵਿੱਚ ਬਿਡ ਕਪੈਸਟੀ ਦੀ ਕੰਡੀਸ਼ਨ ਨਹੀ ਰਖੀ ਗਈ ਸੀ ਪਰੰਤੂ ਫਿਰ ਵੀ ਇਸ ਟੈਂਡਰ ਦੀ ਡੀ.ਐਨ.ਆਈ.ਟੀ ਵਿੱਚ ਇੱਕ ਠੇਕੇਦਾਰ/ ਅਜੰਸੀ ਨੂੰ 8 ਤੋਂ ਵੱਧ ਟਿਊਬਵੈਲਾਂ ਦਾ ਕੰਮ ਅਲਾਟ ਨਾ ਕਰਨ ਦੀ ਕੰਡੀਸ਼ਨ ਰਖੀ ਗਈ ਸੀ।ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਅਤੇ ਫੈਸਲੇ ਹਿੱਤ ਪੇਸ਼ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.12.2019 ਰਾਹੀਂ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

**ਮਤਾ ਨੰਬਰ:**-210

**ਵਿਸ਼ਾ:-** ਨਗਰ ਨਿਗਮ ਦੀ ਅਜੰਡਾ ਸ਼ਾਖਾ ਵਿੱਚ ਲਗੇ ਹੋਏ Ducted Split AC ਦੀ ਰਿਪੇਅਰ ਕਰਵਾਉਣ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 68,676/- ਟੈਂਡਰ ਮੰਗੇ ਰੁਪਏ: 68,676/-
ਕੁੱਲ ਪ੍ਰਾਪਤ ਵੈਲਿਡ ਟੈਂਡਰ= 1 (ਤੀਸਰੀ ਬਾਰੀ) ਟੈਂਡਰ ਅਮਾਉਂਟ ਰੁਪਏ: 68,607/- ਸੇਵਿੰਗ .10%
ਅਜੰਸੀ ਦਾ ਨਾਮ:- ਮੈਸਰਜ਼ ਜੀ.ਐਮ ਰੈਫਰੀਜ੍ਰੇਸ਼ਨ ਕੰਪਨੀ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 6.12.2019 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਨਗਰ ਨਿਗਮ ਦੀ ਅਜੰਡਾ ਸ਼ਾਖਾ ਦੇ ਸਟਾਫ ਵੱਲੋਂ ਏ.ਸੀ ਨਾਲ ਚੱਲਣ ਸਬੰਧ ਕੀਤੀ ਸ਼ਿਕਾਇਤ ਤੇ ਨਗਰ ਨਿਗਮ ਦੇ ਇਲੈਕਟ੍ਰਿਸ਼ਨ ਸਟਾਫ ਵੱਲੋਂ ਇਸ ਨੂੰ ਚੈਕ ਕਰਨ ਤੇ ਰਿਪੋਰਟ ਕੀਤੀ ਹੈ ਕਿ ਨਗਰ ਨਿਗਮ ਦੇ ਡਾ.ਬੀ.ਆਰ ਅੰਬੇਦਕਰ ਕੰਪਲੈਕਸ ਵਿੱਚ ਅਜੰਡਾ ਸ਼ਾਖਾ ਕਮਰਾ ਨੰਬਰ 7 ਅਤੇ 8 ਵਿੱਚ Ducted Split AC (8.5 Ton Capacity ) Blue Star ਮੇਕ ਦਾ ਲਗਾ ਹੋਇਆ ਹੈ ਜ਼ੋ ਕਿ ਕੰਮ ਨਹੀ ਕਰ ਰਿਹਾ ਹੈ, ਜਿਸ ਕਾਰਨ ਇਹਨ੍ਹਾ ਕਮਰਿਆਂ ਵਿੱਚ ਕੰਮ ਕਰ ਰਹੇ ਸਟਾਫ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ Ducted Split AC ਨੂੰ ਚੈਕ ਕਰਾਉਣ ਉਪਰੰਤ ਰਿਪੇਅਰ ਕਰਵਾਉਣ ਵਾਸਤੇ ਮਾਰਕਿਟ ਵਿੱਚੋ ਕੁਟੇਸ਼ਨਾਂ ਮੰਗੀਆਂ ਗਈਆਂ ਅਤੇ ਪ੍ਰਾਪਤ ਹੋਇਆ ਤਿੰਨ ਕੁਟੇਸ਼ਨ ਘੱਟ ਰੇਟ ਦੀ ਵਸੂਲ ਪਾਈ ਗਈ, ਜਿਸ ਅਨੁਸਾਰ ਅਜੰਡਾ ਸ਼ਾਖਾ ਵਿੱਚ ਲਗੇ Ducted Split AC ਦੀ ਰਿਪੇਅਰ ਕਰਵਾਉਣ ਲਈ ਤਖਮੀਨਾ ਰੁਪਏ 68,676/- ਦਾ ਤਿਆਰ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਇਨ ਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 25.07.19 ਰਾਹੀਂ ਦਿੱਤੀ।ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਪਹਿਲੀ ਬਾਰੀ ਠੇਕੇਦਾਰ ਤੋ ਮਿਤੀ 05.09.19 ਅਤੇ ਦੂਸਰੀ ਬਾਰੀ ਠੇਕੇਦਾਰ ਤੋ ਮਿਤੀ 28.10.19 ਰਾਹੀਂ ਮੰਗੇ ਗਏ ਪਰੰਤੂ ਕਿਸੇ ਵੀ ਠੇਕੇਦਾਰ ਵੱਲੋਂ ਇਹ ਟੈਂਡਰ ਪ੍ਰਾਪਤ ਨਹੀ ਹੋਏ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 15.11.19 ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ ਅਤੇ ਠੇਕੇਦਾਰਾਂ ਕੋਲੋ ਮਿਤੀ 21.11.19 ਲਈ ਮੰਗੇ ਗਏ ਸਨ, ਉਪਰੋਕਤ ਠੇਕੇਦਾਰ ਦਾ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ .10% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 68,676/- ਦੇ ਵਿਰੁੱਧ ਰੁਪਏ 68,607/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 10.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਦੀ ਸਿ਼ਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.12.2019

ਮਤਾ ਨੰਬਰ:-211

ਵਿਸ਼ਾ:- ਰਿਪਲੇਸਮੈਂਟ ਆਫ ਸੀਵਰ ਲਾਇਨ ਇਨ ਗਲੀ ਨੰ: 1, 2 ਅਤੇ 3 ਅਬਾਦਪੁਰਾ। ਵਾਰਡ ਨੰ: 32 ਨਿਉ (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 4,17,000/- ਟੈਂਡਰ ਮੰਗੇ ਰੁਪਏ: 4,17,000/-
ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਚੌਥੀ ਬਾਰੀ) ਟੈਂਡਰ ਅਮਾਉਂਟ ਰੁਪਏ: 4,14,915/-
ਸੇਵਿੰਗ: 0.50% ਅਜੰਸੀ ਦਾ ਨਾਮ:-ਮੈਸਰਜ਼ ਜਤਿਨ ਸ਼ਰਮਾ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 6.12.2019 ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 4,17,000/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 196(1) ਮਿਤੀ 18-10-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਪਹਿਲੀ ਬਾਰੀ ਸੁਸਾਈਟੀ ਮਿਤੀ 09.08.19 ਅਤੇ ਠੇਕੇਦਾਰ ਤੋ ਮਿਤੀ 16.08.19 ਅਤੇ ਦੂਸਰੀ ਬਾਰੀ ਠੇਕੇਦਾਰ ਤੋ ਮਿਤੀ 12.08.19 ਅਤੇ ਤੀਸਰੀ ਬਾਰੀ ਠੇਕੇਦਾਰਾਂ ਤੋ ਮਿਤੀ 28.10.19 ਅਧੀਨ ਮੰਗੇ ਗਏ ਸਨ, ਪਰੰਤੂ ਲੋੜੀਂਦੇ ਕੰਮਾਂ ਦੇ ਈ- ਟੈਂਡਰ ਪ੍ਰਾਪਤ ਨਹੀ ਹੋਏ।

ਚੌਥੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 15.11.19 ਮਿਥੇ ਸਮੇ ਤੇ ਸੁਸਾਈਟੀਆਂ ਵੱਲੋਂ ਇਸ ਕੰਮ ਦਾ ਟੈਂਡਰ ਨਹੀ ਪਾਇਆ ਗਿਆ ਅਤੇ ਠੇਕੇਦਾਰਾਂ ਕੋਲੋ ਮਿਤੀ 02.12.19 ਲਈ ਮੰਗੇ ਗਏ ਸਨ, ਉਪਰੋਕਤ ਠੇਕੇਦਾਰ ਦਾ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ 0.50% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 4,17,000/- ਦੇ ਵਿਰੁੱਧ ਰੁਪਏ 4,14,915/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 6.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਦੀ ਸ਼ਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਇਹ ਵੀ ਫੈਸਲਾ ਹੋਇਆ ਕਿ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਖੁਦ ਮੌਕਾ ਦੇਖਕੇ ਪੂਰੀ ਰਿਪੋਰਟ ਕਮੇਟੀ ਨੂੰ ਪੇਸ਼ ਕਰਨਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.12.2019

**ਮਤਾ ਨੰਬਰ:-212**

ਵਿਸਾ:- Installation of CCTV Cameras and Online Continuous Monitoring System at each Sewerage Treatment Plant in Jalandhar City

ਪੜ੍ਹਿਆ ਨੋਟ ਕਾਰਜਕਾਰੀ ਇੰਜੀਨਿਅਰ (ਓ.ਐਂਡ ਐਮ.) ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 6.12.2019 ਰਾਹੀਂ ਕੀਤੀ ਹੈ ਕਿ ਜਲੰਧਰ ਸ਼ਹਿਰ ਅਧੀਨ 6 ਸੀਵਰੇਜ ਟ੍ਰੀਟਮੇਂਟ ਪਲਾਂਟ Pholriwal 100 MLD, Pholriwal 25 MLD, Pholriwal 25 MLD, Basti Peer Dad 50 MLD, Jaitewali 25 MLD ਅਤੇ Bambianwali 10 MLD ਚੱਲ ਰਹੇ ਹਨ। ਮਾਨਯੋਗ ਐਨ.ਜੀ.ਟੀ ਦੀ ਮੋਨੀਟਰਿੰਗ ਕਮੇਟੀ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਇਨ੍ਹਾਂ ਐਸ.ਟੀ.ਪੀ ਤੇ ਸੀ.ਸੀ.ਟੀ.ਵੀ ਕੈਮਰੇ ਅਤੇ ਆਨਲਾਈਨ ਮੋਨੀਟਰਿੰਗ ਸਿਸਟਮ ਇਨਸਟਾਲ ਕੀਤਾ ਜਾਵੇ ਤਾਂ ਜੋ ਇਨ੍ਹਾਂ ਐਸ.ਟੀ.ਪੀ ਦੀ ਵਰਕਿੰਗ ਬਾਰੇ ਲਾਈਵ ਫੀਡ ਵੇਖੀ ਜਾ ਸਕੇ ਅਤੇ ਐਸ.ਟੀ.ਪੀ ਦੇ ਟ੍ਰੀਟਡ ਪਾਣੀ ਦੇ ਪੈਰਾਮੀਟਰ ਵੀ ਚੈਕ ਕੀਤੇ ਜਾ ਸਕਣ। ਇਸ ਲਈ ਮਾਨਯੋਗ ਐਨ.ਜੀ.ਟੀ ਵਲੋਂ ਮਿਲੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਇਨ੍ਹਾਂ ਐਸ.ਟੀ.ਪੀ ਤੇ ਸੀ.ਸੀ.ਟੀ.ਵੀ ਕੈਮਰੇ ਅਤੇ ਆਨਲਾਈਨ ਮੋਨੀਟਰਿੰਗ ਸਿਸਟਮ ਲਗਵਾਉਣ ਲਈ ਤਖਮੀਨਾ ਰੁਪਏ 82,26,088/- ਦਾ ਤਿਆਰ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਮਾਨਯੋਗ ਮੇਅਰ ਜੀ ਵਲੋਂ ਮਿਤੀ 27.07.2019 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਗਈ ਸੀ। ਹੁਣ ਇਸ ਤਖਮੀਨੇ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 97(27) ਮਿਤੀ 29.11.2019 ਰਾਹੀਂ ਦਿੱਤੀ ਗਈ ਹੈ। ਇਹ ਕੰਮ ਕਰਵਾਉਣ ਲਈ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮਿਤੀ 05.09.2019 ਰਾਹੀਂ ਮੰਗੇ ਗਏ, ਜਿਸ ਵਿੱਚ ਮਿਤੀ 16.02.2019 ਨੂੰ ਇਸ ਕੰਮ ਦੇ ਕੁੱਲ 2 ਟੈਂਡਰ ਪ੍ਰਾਪਤ ਹੋਏ ਪਰੰਤੂ ਸਥਾਨਕ ਸਰਕਾਰ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਇਹ ਟੈਂਡਰ ਰੀ-ਕਾਲ ਕੀਤੇ ਗਏ। ਦੂਸਰੀ ਬਾਰੀ ਇਸ ਕੰਮ ਲਈ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮਿਤੀ 30.09.2019 ਨੂੰ ਟੈਂਡਰ ਮੰਗੇ ਗਏ, ਜਿਸ ਵਿੱਚ 3 ਟੈਂਡਰ ਪ੍ਰਾਪਤ ਹੋਏ ਜਿਨ੍ਹਾਂ ਦੀਆਂ ਤਕਨੀਕੀ ਬਿਡਾਂ ਖੋਲੀਆ ਗਈ ਜ਼ੋ ਕਿ ਮਿਆਰ ਤੇ ਪੂਰੀਆ ਸਨ। ਇਸ ਉਪਰੰਤ ਇਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆ ਅਤੇ ਤੁਲਨਾਤਮਕ ਸੂਚੀ ਅਨੁਸਾਰ ਮੈਸ: ਨੈਵਕੋ-ਇੰਜੀਨੀਅਰਜ ਪ੍ਰਾਈਵੇਟ ਲਿਮਿਟੇਡ, ਨਿਊ ਦਿੱਲੀ ਦੇ ਟੈਂਡਰ ਰੇਟ ਘੱਟ ਪਾਏ ਗਏ, ਜਿਸ ਵਿੱਚ 35.93% ਸੇਵਿੰਗ ਦਿੱਤੀ ਗਈ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 82,26,088/- ਦਾ ਕੰਮ ਰੁਪਏ 52,70,454/- ਵਿੱਚ ਕੀਤਾ ਜਾਣਾ ਹੈ।

ਸਥਾਨਕ ਸਰਕਾਰ ਪੰਜਾਬ ਦੀਆਂ ਐਸ.ਓ.ਪੀ ਦੀਆਂ ਸ਼ਰਤਾਂ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਦਿੱਤੀ ਜਾਣੀ ਹੈ। ਕਿਉਂ ਜ਼ੋ ਇਹ ਤਖਮੀਨਾ ਰੁਪਏ ਰੁਪਏ 50.00 ਲੱਖ ਤੋਂ ਵੱਧ ਸੀ, ਇਸ ਲਈ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਲਈ ਇਸ ਦਫਤਰ ਵਲੋਂ ਪੱਤਰ ਨੰਬਰ 107/ਸੀ.ਈ/ਡਬਲਯੂ.ਐਸ/ਜੀ ਮਿਤੀ 23.10.2019 ਰਾਹੀਂ ਚੀਫ ਇੰਜੀਨੀਅਰ, ਓ.ਐਂਡ.ਐਮ, ਸਥਾਨਕ ਸਰਕਾਰ ਵਿਭਾਗ, ਚੰਡੀਗੜ ਜੀ ਨੂੰ ਤਖਮੀਨਾਂ ਭੇਜਿਆ ਗਿਆ ਸੀ। ਇਸ ਦੇ ਸਬੰਧ ਵਿੱਚ ਚੀਫ ਇੰਜੀਨੀਅਰ ਜੀ ਵਲੋਂ ਪੱਤਰ ਨੰਬਰ ਸੀ.ਈ-2019/ 57594 ਮਿਤੀ 05.12.2019 ਰਾਹੀਂ ਉਪਰੋਕਤ ਕੰਮ ਦੇ ਟੈਂਡਰ ਦੀ ਵਿੱਤੀ ਪ੍ਰਵਾਨਗੀ ਦਿੱਤੀ ਗਈ ਹੈ।ਮਾਨਯੋਗ ਐਨ.ਜੀ.ਟੀ ਦੀ ਮੋਨੀਟਰਿੰਗ ਕਮੇਟੀ ਵਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਇਹ ਕੰਮ ਮਿਤੀ 31.12.2019 ਤੱਕ ਕਰਵਾਉਣਾ ਅਤਿ ਜਰੂਰੀ ਹੈ। ਇਸ ਲਈ ਉਪਰੋਕਤ ਅਨੁਸਾਰ ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਦਿੱਤੀ ਜਾਵੇ । ਕਮਿਸ਼ਨਰ ਜੀ ਨੇ ਮਿਤੀ 9.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 13.12.2019 ਰਾਹੀਂ ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਹੈ।

ਟੈਂਡਰ ਅੰਤਿਮ ਪ੍ਰਵਾਨਗੀ ਹਿਤ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

ਮਤਾ ਨੰਬਰ:-213

ਵਿਸ਼ਾ:- ਵਾਟਰ ਰੇਟ ਸ਼ਾਖਾ, ਕੰਪਲੇਂਟ ਸੈਲ ਅਤੇ ਆਡਿਟ ਬ੍ਰਾਂਚ ਆਦਿ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 6 ਕੰਪਿਊਟਰ ਓਪਰੇਟਰ ਆਉਟ ਸੋਰਸ ਤੇ ਇਕ ਸਾਲ ਲਈ ਠੇਕੇ ਤੇ ਰੱਖਣ ਬਾਰੇ ।

ਤਖਮੀਨਾ ਰੁਪਏ 9,38,016/- (ਮਿਨੀਮਮ ਵੇਜਿਜ਼ ਮਿਤੀ 01.03.17 ਅਨੁਸਾਰ
ਸੋਧਿਆ ਤਖਮੀਨਾ ਰੁਪਏ 11,72,520/- (25% ਵਾਧਾ ਕਰਨ ਤੋ ਬਾਅਦ)
ਅਜੰਸੀ ਦਾ ਨਾਮ:- ਏ.ਐਸ.ਐਂਟਰਪ੍ਰਾਇਸਿਜ਼ ਹੁਸ਼ਿਆਰਪੁਰ
ਈ.ਪੀ.ਐਫ ਨੰ: PB/Jal 35666 dt 10-03-11 ਈ.ਐਸ.ਆਈ ਨੰ: 29000611750001001

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 10.12.2019 ਕਿ ਵਾਟਰ ਰੇਟ ਸ਼ਾਖਾ, ਕੰਪਲੇਂਟ ਸੈਲ ਅਤੇ ਆਡਿਟ ਬ੍ਰਾਂਚ ਆਦਿ ਦੇ ਕੰਮ ਨੂ ਸੁਚਾਰੂ ਢੰਗ ਨਾਲ ਚਲਾਉਣ ਲਈ ਛੇ ਕੰਪਿਊਟਰ ਓਪਰੇਟਰ ਆਉਟ ਸੋਰਸ ਰਾਹੀਂ ਠੇਕੇ ਤੇ ਰੱਖਣ ਬਾਰੇ ਪਿਛਲੇ ਸਾਲ ਦੀ ਤਰ੍ਹਾ ਹੀ ਰੁਪਏ 9,38,016/- ਦਾ ਤਖਮੀਨਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 29 ਮਿਤੀ 06.09.17 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਦੋ ਸਟੇਜਾਂ ਵਿੱਚ ਮਿਤੀ 17.11.17 ਲਈ ਮੰਗੇ ਗਏ ਸਨ। ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਪਖੋ ਮਿਆਰ ਤੇ ਪੂਰੇ ਸਨ। ਇਹਨਾ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ । ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾ ਦਾ ਪਾਇਆ ਗਿਆ। ਇਸ ਅਜੰਸੀ ਨੇ 10% ਕੰਟਰੈਕਟਰ ਪ੍ਰੋਫਿਟ ਤੋ 0.20% ਛੂਟ ਦਿੱਤੀ ਹੈ। ਯਾਨੀਕਿ ਇਹ ਅਜੰਸੀ 9.80% ਕੰਟਰੈਕਟਰ ਪ੍ਰੋਫਿਟ ਲਵੇਗੀ। ਇਹ ਅਜੰਸੀ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਸਮੇ-ਸਮੇ ਸਿਰ ਨਿਰਧਾਰਿਤ ਮਿਨੀਮਮ ਵੇਜਿਜ਼ ਅਨੁਸਾਰ ਨਗਰ ਨਿਗਮ ਤੋ ਬਣਦੀ ਰਕਮ ਲੈ ਕੇ ਪੂਰੀ ਅਦਾਇਗੀ ਕਰੇਗੀ। ਨਗਰ ਨਿਗਮ ਭਵਿੱਖ ਵਿੱਚ ਵੀ ਲੇਬਰ ਵਿਭਾਗ, ਪੰਜਾਬ ਸਰਕਾਰ ਵੱਲੋਂ ਜ਼ੋ ਸਮੇ-ਸਮੇ ਸਿਰ ਮਿਨੀਮਮ ਵੇਜਿਜ਼ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ, ਉਸ ਅਨੁਸਾਰ ਲੇਬਰ ਨੂੰ ਵੇਜਿਜ਼ ਦੇਣ ਲਈ ਬੱਚਨਬੱਧ ਹੈ। ਇਸ ਟੈਂਡਰ ਦੀ ਪ੍ਰਵਾਨਗੀ ਮਤਾ ਨੰ: 53 ਮਿਤੀ 02.01.18 ਰਾਹੀਂ ਮਾਨਯੋਗ ਕਮਿਸ਼ਨਰ ਜੀ ਨੇ ਬਤੌਰ ਪ੍ਰਸ਼ਾਸਕ ਕੀਤੀ।

ਇਕਰਾਰਨਾਮਾ ਕਰਨ ਉਪਰੰਤ ਅਜੰਸੀ ਨੂੰ ਵਰਕ ਆਰਡਰ ਨੰ: ਸੀ.ਈ/ਈ.ਟੀ/72 ਮਿਤੀ 03-01-18 ਜਾਰੀ ਕੀਤਾ ਗਿਆ ਅਤੇ ਕੰਮ ਮੁਕੰਮਲ ਕਰਨ ਲਈ 12 ਮਹੀਨੇ ਦਾ ਸਮਾ ਦਿੱਤਾ ਗਿਆ। ਇਹ ਤਖਮੀਨਾ ਮਿਤੀ 02.01.19 ਖਤਮ ਹੋ ਰਿਹਾ ਸੀ, ਪਰੰਤੂ ਇਸ ਦੌਰਾਨ ਹਾਊਸ ਦੀ ਮੀਟਿੰਗ ਨਾ ਹੋਣ ਕਾਰਨ ਨਵਾਂ ਤਖਮੀਨਾ ਪ੍ਰਵਾਨ ਨਹੀ ਹੋਇਆ। ਦਫਤਰੀ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਅਪਣੇ ਮਤਾ ਨੰ: 242 ਮਿਤੀ 24.12.18 ਰਾਹੀਂ ਮਿਤੀ 31.03.19 ਤੱਕ ਤਖਮੀਨੇ ਦੇ ਖਰਚੇ ਵਿੱਚ 25% ਵਾਧੇ ਦੀ ਪ੍ਰਵਾਨਗੀ ਦਿੱਤੀ ਗਈ। ਇਹਨਾ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਹਨਾਂ ਕਰਮਚਾਰੀਆਂ ਦੀ ਤਨਖਾਹ ਮਹੀਨਾ ਅਪ੍ਰੈਲ 2019 ਤੱਕ ਦੇ ਦਿੱਤੀ ਗਈ।

ਇਥੇ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਲੋਕ ਸਭਾ ਦੇ ਇਲੈਕਸ਼ਨ ਅਤੇ ਹਾਊਸ ਦੀ ਮੀਟਿੰਗ ਨਾ ਹੋਣ ਕਾਰਨ ਇਹ ਕੰਮ ਦੇ ਨਵੇ ਟੈਂਡਰ ਵੀ ਨਹੀ ਲਗਾਏ ਜਾ ਸਕੇ, ਇਸ ਉਪਰੰਤ ਨਵੇ ਟੈਂਡਰ ਨਾ ਲਗਣ ਕਾਰਨ ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 22.03.19 ਰਾਹੀਂ ਇਸ ਵਰਕ ਆਰਡਰ ਦੀ ਮਿਆਦ 3 ਮਹੀਨੇ ਹੋਰ ਵਧਾਏ ਜਾਣ ਦੇ ਹੁਕਮ ਜਾਰੀ ਕੀਤੇ। ਇਹਨਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਹਨਾਂ ਕਰਮਚਾਰੀਆਂ ਦੀ ਤਨਖਾਹ ਮਾਂਹ ਮਈ 2019 ਤੋ ਮਿਤੀ 21.08.2019 ਤੱਕ (ਅੰਤਿਮ ਬਿੱਲ) ਬਣਾ ਕੇ ਲੇਖਾ ਸ਼ਾਖਾ ਨੂੰ ਅਗਲੇਰੀ ਕਾਰਵਾਈ ਲਈ ਭੇਜੀ ਗਈ, ਪਰੰਤੂ ਉਹਨਾ ਵੱਲੋਂ ਜੁਬਾਨੀ ਤੋਰ ਤੇ ਇਹਨਾ ਕਰਮਚਾਰੀਆਂ ਦੀ ਤਨਖਾਹ ਤੇ ਇਹ ਕਿਹਾ ਕੇ ਰੋਕ ਲਗਾ ਦਿੱਤੀ ਗਈ ਕਿ ਇਸ ਤਨਖਾਹ ਦੀ ਬਣਦੀ ਰਕਮ ਨੂੰ ਵਿੱਤ ਅਤੇ ਠੇਕਾ ਕਮੇਟੀ ਤੋ ਪਹਿਲਾ ਪ੍ਰਵਾਨ ਕਰਵਾ ਲਿਆ ਜਾਵੇ।

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸੋਧੇ ਹੋਏ ਤਖਮੀਨੇ ਅਨੁਸਾਰ ਰੁਪਏ 11,72,520/- ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਅਪਣੇ ਮਤਾ ਨੰ: 242 ਮਿਤੀ 24.12.18 ਰਾਹੀਂ ਦਿੱਤੀ, ਪਰੰਤੂ ਇਹਨਾ ਕਰਮਚਾਰੀਆਂ ਦੀ ਸਮੇ ਦੀ ਸੀਮਾਂ ਮਿਤੀ 31.03.19 ਨੂੰ ਖਤਮ ਹੋ ਰਹੀ ਸੀ। ਇਸ ਲਈ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਇਹਨਾ ਕਰਮਚਾਰੀਆਂ ਦੀ ਸਮੇ ਸੀਮਾ ਅਪ੍ਰੈਲ ਤੋ ਮਿਤੀ 21.08.19 ਤੱਕ ਵੱਧਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਇਥੇ ਆਪ ਨੂੰ ਦਸਣਯੋਗ ਹੈ ਕਿ ਇਸ ਸਮੇ ਸੀਮਾ ਦੀ ਬਣਦੀ ਤਨਖਾਹ ਸੋਧੇ ਹੋਏ ਤਖਮੀਨੇ ਵਿੱਚੋ ਦਿੱਤੀ ਜਾ ਸਕਦੀ ਹੈ।

ਇਸ ਕੇਸ (ਸਮੇ ਸੀਮਾ) ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਇਥੇ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਨਵੇਂ ਟੈਂਡਰ ਹੋਣ ਤੱਕ ਇਸ ਅਜੰਸੀ ਕੋਲੋ ਪ੍ਰਵਾਨਿਤ ਹੋਏ ਰੇਟਾਂ ਤੇ ਕੰਮ ਕਰਵਾਇਆ ਜਾਵੇਗਾ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 6.12.2019 ਰਾਹੀਂ ਸ਼ਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.12.2019 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

ਮਤਾ ਨੰਬਰ:-214

ਵਿਸ਼ਾ:- ਸੋਲਿਡ ਵੇਸਟ ਮੈਨੇਜਮੇਂਟ ਲਈ 300 ਹੋਰ ਰਿਕਸ਼ਾ ਰੇਹੜੇ ਸਮੇਤ ਬਿਨਜ ਖਰੀਦਣ ਲਈ ਤਖਮੀਨੇ ਦੀ ਵਿੱਤੀ ਪ੍ਰਵਾਨਗੀ ਦੇਣ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨਿਅਰ (ਵਰਕਸ਼ਾਪ) ਜਿਸ ਦੀ ਸਿ਼ਫਾਰਸ਼ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 6.12.2019 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਸਿਹਤ ਸ਼ਾਖਾ ਦੀ ਮੰਗ ਅਨੁਸਾਰ ਸੋਲਿਡ ਵੇਸਟ ਮੈਨੇਜਮੇਂਟ ਲਈ 600 ਰਿਕਸ਼ਾ ਰੇਹੜੇ ਸਮੇਤ ਬਿਨਜ ਖਰੀਦਨ ਲਈ ਤਖਮੀਨਾ ਰੁਪਏ 1.50 ਕਰੋੜ ਦਾ ਤਿਆਰ ਕੀਤਾ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 62 ਮਿਤੀ 25.06.2018 ਰਾਹੀਂ ਇਸ ਮਤੇ ਦੀ ਪ੍ਰਵਾਨਗੀ ਦਿੱਤੀ ਗਈ। ਸਥਾਨਕ ਸਰਕਾਰ ਵਲੋਂ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-18/50460 ਮਿਤੀ 29.08.2018 ਰਾਹੀਂ ਇਸ ਮਤੇ ਦੀ ਪ੍ਰਵਾਨਗੀ ਦਿੱਤੀ ਗਈ।

ਇਥੇ ਇਹ ਦਸਿਆ ਜਾਂਦਾ ਹੈ ਕਿ ਤਖਮੀਨਾ ਰੁਪਏ 1.50 ਕਰੋੜ ਵਿਚੋਂ ਰੁਪਏ 25.00 ਲੱਖ ਦੇ ਤਖਮੀਨੇ ਦੇ ਟੈਂਡਰ ਲਗਾ ਕੇ 100 ਰਿਕਸ਼ਾ ਰੇਹੜੇ ਸਮੇਤ ਬਿਨਜ ਖਰੀਦ ਕੀਤੇ ਜਾ ਰਹੇ ਹਨ। ਕਮਿਸ਼ਨਰ ਜੀ ਵਲੋਂ ਖਰੀਦੇ ਜਾ ਰਹੇ 100 ਰਿਕਸ਼ਾ ਰੇਹੜਿਆਂ ਦੀਆਂ ਨਵੀਆਂ ਸਪੈਸੀਫਿਕੇਸ਼ਨਾਂ ਅਨੁਸਾਰ ਹੋਰ 300 ਰਿਕਸ਼ਾ ਰੇਹੜੇ ਸਮੇਤ ਬਿਨਜ ਖਰੀਦਨ ਲਈ ਹੁਕਮ ਦਿੱਤੇ ਗਏ ਸਨ। ਇਸ ਲਈ ਨਵੀਆਂ ਸਪੈਸੀਫਿਕੇਸ਼ਨਾਂ ਮੁਤਾਬਿਕ ਇਨ੍ਹਾਂ ਰਿਕਸ਼ਾ ਰੇਹੜਿਆਂ ਦੀ ਖਰੀਦ ਕਰਨ ਲਈ ਪ੍ਰਵਾਨ ਹੋਏ ਤਖਮੀਨੇ ਦੀ ਬਾਕੀ ਬਚਦੀ ਰਕਮ ਵਿਚੋਂ ਰੁਪਏ 81.00 ਲੱਖ ਦਾ ਹੋਰ ਤਖਮੀਨਾ ਟੈਂਡਰ ਲਗਾਉਣ ਲਈ ਤਿਆਰ ਕੀਤਾ ਗਿਆ ਹੈ ਸੀ, ਜਿਸ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਵਲੋਂ ਆਪਣੇ ਹੁਕਮ ਮਿਤੀ 14.10.2019 ਰਾਹੀਂ ਦਿੱਤੀ ਗਈ।

ਇਸ ਉਪਰੰਤ ਤਖਮੀਨਾਂ ਰੁਪਏ 81.00 ਲੱਖ ਦੇ ਟੈਂਡਰ ਟੂ ਸਟੇਜ਼ ਸਿਸਟਮ ਅਧੀਨ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 08.11.2019 ਲਈ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆ ਜ਼ੋ ਕਿ ਮਿਆਰ ਤੇ ਪੂਰੀਆਂ ਹਨ। ਇਨ੍ਹਾਂ ਠੇਕੇਦਾਰਾਂ ਦੀਆਂ ਵਿੱਤੀ ਬਿਡਾਂ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈਸ: ਕੱਕੜ ਐਸੋਸੀਏਟਸ, ਲੁਧਿਆਣਾ ਦਾ ਰੇਟ ਬਾਕੀ ਠੇਕੇਦਾਰਾਂ ਨਾਲੋ ਘੱਟ ਪਾਇਆ ਗਿਆ।ਮੈਸ: ਕੱਕੜ ਐਸੋਸੀਏਟਸ, ਲੁਧਿਆਣਾ ਨੇ 24.50% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 81.00 ਲੱਖ ਦਾ ਕੰਮ ਰੁਪਏ 61,15,500/- ਵਿੱਚ ਹੋਣਾ ਹੈ।

ਸਥਾਨਕ ਸਰਕਾਰ ਪੰਜਾਬ ਦੀਆਂ SOP ਦੀਆਂ ਸ਼ਰਤਾਂ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਦਿੱਤੀ ਜਾਣੀ ਹੈ। ਇਸ ਦੇ ਸਬੰਧ ਵਿੱਚ ਇਸ ਦਫਤਰ ਵਲੋਂ ਪੱਤਰ ਨੰਬਰ 260/ਸੁਪਰਡੰਟ(ਵ) ਮਿਤੀ 20.11.2019 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਉਪਰੋਕਤ ਕੰਮ ਦੇ ਟੈਂਡਰ ਦੀ ਵਿੱਤੀ ਪ੍ਰਵਾਨਗੀ ਲਈ ਲਿਖਿਆ ਗਿਆ ਸੀ, ਜਿਸ ਉਪਰੰਤ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਵਲੋਂ ਆਪਣੇ ਪੱਤਰ ਨੰਬਰ ਸੀ.ਈ-2019/57593 ਮਿਤੀ 05.12.2019 ਰਾਹੀਂ ਉਪਰੋਕਤ ਕੰਮ ਦੇ ਟੈਂਡਰ ਦੀ ਵਿੱਤੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਲਈ ਉਪਰੋਕਤ ਅਨੁਸਾਰ ਇਹ ਟੈਂਡਰ ਵਿਚਾਰਣ ਅਤੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਕਮਿਸ਼ਨਰ ਜੀ ਨੇ ਮਿਤੀ 10.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

ਮਤਾ ਨੰਬਰ:-215

ਵਿਸ਼ਾ:- ਸਵੱਛ ਭਾਰਤ ਮਿਸ਼ਨ ਅਧੀਨ 20 Compartmentized Garbage Tipper ਦੀ ਥਾਂ ਤੇ 20 Nos. Battery operated E-Rickshaw ਦੀ ਖਰੀਦ ਸਬੰਧੀ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨਿਅਰ (ਓ.ਐਂਡ ਐਮ.) ਮਿਤੀ 6.12.2019 ਕਿ ਉਪਰੋਕਤ ਵਿਸ਼ੇ ਅਧੀਨ ਸਿਹਤ ਅਫਸਰ, ਸਿਹਤ ਸ਼ਾਖਾ ਦੀ ਮੰਗ ਤੇ MSW 2016 Rules ਦੇ ਅਧੀਨ 20 Compartmentized Garbage Tipper ਦੀ ਖਰੀਦ ਕਰਨ ਲਈ ਤਖਮੀਨਾ ਰੁਪਏ 1.40 ਕਰੋੜ (ਪ੍ਰਤੀ ਟਿਪਰ ਰੁਪਏ 7.00 ਲੱਖ) ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 176 ਮਿਤੀ 18.10.2018 ਰਾਹੀਂ ਦਿੱਤੀ ਗਈ ਸੀ। ਸਥਾਨਕ ਸਰਕਾਰ ਵਲੋਂ ਇਸ ਮਤੇ ਦੀ ਪ੍ਰਵਾਨਗੀ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-18/69006 ਮਿਤੀ 06.12.2018 ਰਾਹੀਂ ਦਿੱਤੀ ਗਈ। ਕਿਉਂ ਜੋ ਇਹ ਤਖਮੀਨਾ ਰੁਪਏ 1.00 ਕਰੋੜ ਤੋਂ ਵੱਧ ਸੀ, ਇਸ ਲਈ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਲਈ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ ਜੀ ਨੂੰ ਭੇਜਿਆ ਗਿਆ ਸੀ। ਮੁੱਖ ਇੰਜੀਨੀਅਰ ਜੀ ਵਲੋਂ ਪੱਤਰ ਨੰਬਰ 152/ਸੀ.ਈ/ਡਬਲਯੂ.ਐਸ.ਜੀ ਮਿਤੀ 07.01.2019 ਰਾਹੀਂ ਇਹ ਤਖਮੀਨਾਂ ਰੁਪਏ 5,20,000/- ਪ੍ਰਤੀ ਹਾਪਰ ਪ੍ਰਵਾਨ ਕੀਤਾ ਗਿਆ।

ਇਸ ਉਪਰੰਤ ਸਿਹਤ ਅਫਸਰ ਨਗਰ ਨਿਗਮ ਵਲੋਂ ਲਿਖ ਕੇ ਦਿੱਤਾ ਗਿਆ ਕਿ ਮਾਨਯੋਗ ਕਮਿਸ਼ਨਰ ਜੀ, ਡਿਪਟੀ ਮੇਅਰ ਜੀ ਅਤੇ ਕੌਂਸਲਰ ਸ਼੍ਰੀ ਸਮਰਾਏ ਜੀ ਦੇ ਨਾਲ MSW Management ਲਈ Vellore ਸ਼ਹਿਰ ਦਾ ਦੌਰਾ ਕੀਤਾ ਗਿਆ। ਇਸ ਦੋਰਾਨ ਉਸ ਜਗ੍ਹਾ ਤੇ MSW Collection ਲਈ MSW Battery Operated ਮਸ਼ੀਨਰੀ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਇਸ ਨੂੰ ਸਾਰਿਆਂ ਵਲੋਂ ਬਹੁਤ ਪੰਸਦ ਕੀਤਾ ਗਿਆ ਹੈ, ਇਸ ਲਈ MSW Collection ਲਈ MSW Battery Operated ਮਸ਼ੀਨਰੀ ਦੀ ਖਰੀਦ ਕੀਤੀ ਜਾਵੇ। ਇਸ ਬਾਰੇ ਹੋਰ ਘੋਖਣ ਤੇ ਪਾਇਆ ਗਿਆ ਕਿ ਸਥਾਨਕ ਸਰਕਾਰ ਪੰਜਾਬ ਵਲੋਂ ਜਾਰੀ ਪੱਤਰ ਨੰਬਰ ATPS/44/Local Govt. ਮਿਤੀ 22.12.2017 ਰਾਹੀਂ ਪਟਿਆਲਾ ਨਗਰ ਨਿਗਮ ਨੂੰ ਵਿਸ਼ੇਸ਼ ਤੌਰ ਤੇ ਬੈਟਰੀ ਓਪਰੇਟਿਡ ਗਾਰਬੇਜ਼ ਹੋਪਰ ਖਰੀਦ ਕਰਨ ਦੀ ਹਦਾਇਤ ਕੀਤੀ ਸੀ। ਬੈਟਰੀ ਓਪਰੇਟਿਡ ਗਾਰਬੇਜ਼ ਹੋਪਰ ਖਰੀਦ ਕਰਨ ਨਾਲ ਜਿਥੇ ਨਗਰ ਨਿਗਮ ਨੂੰ ਵਿੱਤੀ ਲਾਭ ਹੋਵੇਗਾ, ਉਥੇ ਹੀ ਇਹ ਹੋਪਰ ਵਾਤਾਵਰਨ ਨੂੰ ਸ਼ੁਧ ਰੱਖਣ ਵਿੱਚ ਵੀ ਸਹਾਇਕ ਹੋਵੇਗਾ। ਇਹ ਹੋਪਰ ICAT ਤੋਂ ਸਰਟੀਫਾਈਡ ਹੋਵੇਗਾ। ਇਹ ਹੋਪਰ ਵਿੱਚ Lithimise ਬੈਟਰੀ ਦਾ ਉਪਯੋਗ ਕੀਤਾ ਜਾਵੇਗਾ। ਉਪਰੋਕਤ ਤਜਵੀਜ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਕੀਤਾ ਗਿਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 100 ਮਿਤੀ 28.06.2019 ਰਾਹੀਂ ਪ੍ਰਵਾਨ ਕੀਤਾ ਗਿਆ।

ਇਸ ਉਪਰੰਤ ਮਾਨਯੋਗ ਕਮਿਸ਼ਨਰ ਜੀ ਨਾਲ ਹੋਏ ਵਿਚਾਰ ਵਟਾਂਦਰੇ ਉਪਰੰਤ ਮਾਨਯੋਗ ਕਮਿਸ਼ਨਰ ਜੀ ਵਲੋਂ ਹੁਕਮ ਦਿੱਤੇ ਗਏ ਕਿ ਖਰੀਦ ਕੀਤੇ ਜਾ ਰਹੇ 20 Nos. Garbage hopper ਦੀ ਥਾਂ ਤੇ 20 Nos. E-Rickshaw ਖਰੀਦ ਕੀਤੇ ਜਾਣ ਅਤੇ ਇਸ ਵਿੱਚ Lithimise Battery ਦੀ ਬਜਾਏ Lead Acid ਬੈਟਰੀ ਦਾ ਤਖਮੀਨਾ ਤਿਆਰ ਕਰਕੇ ਟੈਂਡਰ ਲਗਾਏ ਜਾਣ। ਇਸ ਲਈ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਜੈਮ ਪੋਰਟਲ ਤੋਂ ਰੇਟ ਲੈਣ ਉਪਰੰਤ E-Rickshaw ਦੀ ਖਰੀਦ ਕਰਨ ਲਈ ਰਫ ਕਾਸਟ ਤਖਮੀਨਾ ਸਮੇਤ RFP ਰੁਪਏ 54,00,000/- (ਪ੍ਰਤੀ ਈ-ਰਿਕਸ਼ਾ ਰੁਪਏ 2.70 ਲੱਖ) ਦਾ ਤਿਆਰ ਕੀਤਾ ਗਿਆ, ਜਿਸ ਦੀ ਮੰਜੂਰੀ ਮਾਨਯੋਗ ਕਮਿਸ਼ਨਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 29.08.2019 ਰਾਹੀਂ ਦਿੱਤੀ ਗਈ। 20 Nos. E-Rickshaw ਦੀ ਖਰੀਦ ਕਰਨ ਲਈ ਤਖਮੀਨਾ ਰੁਪਏ 54,00,000/- ਦੇ ਈ-ਟੈਂਡਰ ਰਾਹੀਂ ਮਿਤੀ 27.09.2019 ਲਈ ਮੰਗੇ ਗਏ ਸਨ ਅਤੇ 6 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਦੀ ਤਕਨੀਕੀ ਬਿਡਾਂ ਖੋਲਣ ਉਪਰੰਤ ਪ੍ਰਾਪਤ ਹੋਏ 6 ਟੈਂਡਰਾ ਵਿਚੋਂ 4 ਟੈਂਡਰ ਤਕਨੀਕੀ ਪਖੋਂ ਅਲੀਜੀਬਲ ਨਹੀਂ ਸਨ, ਜਿਸ ਕਾਰਨ ਇਹ ਟੈਂਡਰ ਰੱਦ ਕਰ ਦਿੱਤੇ ਗਏ ਸਨ। ਦੂਜੀ ਬਾਰ ਇਸ ਕੰਮ ਦੇ ਈ-ਟੈਂਡਰ ਮਿਤੀ 01.11.2019 ਲਈ ਮੰਗੇ ਗਏ ਤੇ 3 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਦੀ ਤਕਨੀਕੀ ਬਿਡਾਂ ਖੋਲਣ ਉਪਰੰਤ ਪ੍ਰਾਪਤ ਹੋਏ 3 ਟੈਂਡਰਾਂ ਵਿਚੋਂ 2 ਟੈਂਡਰ ਤਕਨੀਕੀ ਪਖੋਂ ਅਲੀਜੀਬਲ ਨਹੀਂ ਸਨ, ਜਿਸ ਕਾਰਨ ਇਹ ਟੈਂਡਰ ਰੱਦ ਕਰ ਦਿੱਤੇ ਸਨ। ਇਸ ਉਪਰੰਤ ਤੀਸਰੀ ਬਾਰ ਇਸ ਕੰਮ ਦੇ ਈ-ਟੈਂਡਰ ਮਿਤੀ 18.11.2019 ਲਈ ਮੰਗੇ ਗਏ ਤੇ 2 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਤਕਨੀਕੀ ਬਿਡਾਂ ਖੋਲਣ ਉਪਰੰਤ ਪ੍ਰਾਪਤ ਹੋਏ 2 ਟੈਂਡਰਾ ਵਿਚੋਂ 1 ਟੈਂਡਰ ਤਕਨੀਕੀ ਪਖੋਂ ਮਿਆਰ ਤੇ ਪੂਰਾ ਨਹੀਂ ਸੀ ਅਤੇ ਦੂਸਰਾ ਟੈਂਡਰ ਮੈਸ: CLH GASEOUS FUEL APPLICATIONS PVT. LTD. Delhi ਦਾ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਇਸ ਉਪਰੰਤ ਇਸ ਅਜੰਸੀ ਦੀ ਵਿੱਤੀ ਬਿਡ ਖੋਲੀ ਗਈ, ਜਿਸ ਵਿੱਚ ਅਜੰਸੀ ਵਲੋਂ ਪ੍ਰਤੀ ਰਿਕਸ਼ਾ ਦੀ ਸਪਲਾਈ ਲਈ ਰੁਪਏ 1,89,000/- ਵਿੱਚ ਕਰਨੀ ਹੈ। ਇਸ ਤਰ੍ਹਾਂ ਪ੍ਰਤੀ ਰਿਕਸ਼ਾ ਰੁਪਏ 1,89,000/- ਦੇ ਹਿਸਾਬ ਨਾਲ 20 ਨੰਬਰ ਈ-ਰਿਕਸ਼ਾ ਦੀ ਸਪਲਾਈ ਦਾ ਕੰਮ ਰੁਪਏ 37,80,000/- ਵਿੱਚ ਕੀਤਾ ਜਾਣਾ ਹੈ। ਉਪਰੋਕਤ ਅਨੁਸਾਰ ਇਹ ਟੈਂਡਰ ਵਿਚਾਰਣ ਅਤੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 6.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 9.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

ਮਤਾ ਨੰਬਰ:-216

ਵਿਸ਼ਾ:- ਸਟਰੀਟ ਲਾਈਟ ਸ਼ਾਖਾ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਵੇਂ/ਰਿਪਲੇਸਮੈਂਟ ਦੇ ਲਗਾਏ ਜਾਣ ਵਾਲੇ ਸਟਰੀਟ ਲਾਈਟ ਦੇ ਤਖਮੀਨੇ ਲਾਈਟ ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁਕੇ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No. | W. No. | Name of work | Tender Calling Amount | Name of Agency | Saving | Tender Amt. Rs. | House Reso No. | Tender called (No. of times) | No of bids received |
|---|---|---|---|---|---|---|---|---|---|
| 1 | G | Providing and Installation of New LED Street Light Points Infrastructure at National Highway 1 From Amritsar road Canal to Bhagat Singh Colony Canal side, Zone 2 | 86,200/- | ਮੈਸਰਜ਼ ਜਗਦੀਸ਼ ਇਲੈਕਟ੍ਰਿਕ ਵਰਕਸ | 0.31% | 85,932/- | Anti | 4 | 1 |
| 2 | G | Providing and Installation of New LED Street Light Points Infrastructure from Janta Coloni Main rd. to Aman Nagar rd (widhipur) Zone 2 | 1,55,200/- | ਮੈਸਰਜ਼ ਜਗਦੀਸ਼ ਇਲੈਕਟ੍ਰਿਕ ਵਰਕਸ | 0.31% | 1,54,718/- | Anti | 4 | 1 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਲਾਈਟ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

**ਮਤਾ ਨੰਬਰ:-217**

ਵਿਸ਼ਾ:- ਸ਼ਹਿਰ ਦੀਆਂ ਸਟਰੀਟ ਲਾਇਟਾਂ ਦੇ ਰੱਖ-ਰੱਖਾਵ ਬਾਬਤ ਜ਼ੋਨ ਵਾਈਜ਼ ਟੈਂਡਰਾਂ ਦੀ ਪ੍ਰਵਾਨਗੀ ਬਾਰੇ। ਈ-ਟੈਂਡਰ ਪ੍ਰਵਾਨਗੀ ਹਿੱਤ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨਿਅਰ (ਓ.ਐਂਡ ਐਮ.) ਜਿਸ ਦੀ ਸਿਫਾਰਸ਼ ਨਿਗਰਾਨ ਇੰਜੀਨੀਅਰ (ਲਾਈਟ)ਨੇ ਮਿਤੀ 9.12.2019 ਰਾਹੀਂ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਸ਼ਹਿਰ ਦੇ ਅੰਦਰ ਲਗੀਆਂ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ 7-ਜ਼ੋਨਾਂ ਵਾਇਜ਼ ਵਿੱਚ ਵੰਡਿਆ ਹੋਇਆ ਹੈ। ਜ਼ੋਨ ਵਾਇਜ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ ਆਊਟ ਸੋਰਸ ਰਾਹੀਂ ਠੇਕੇ ਤੇ ਕਰਵਾਇਆ ਜਾ ਰਿਹਾ ਹੈ। ਇਹਨਾਂ ਕੰਮਾਂ ਤੇ ਤਖਮੀਨਿਆਂ ਦੀ ਮਿਆਦ ਮਿਤੀ 31.10.19 ਨੂੰ ਖਤਮ ਹੋ ਰਹੀ ਹੈ। ਸ਼ਹਿਰ ਦੇ ਸਟਰੀਟ ਲਾਇਟਾਂ ਦੇ ਕੰਮਾਂ ਨੂੰ ਸੁਚਾਰੂ ਢੰਗ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹਨਾ ਕੰਮਾਂ ਦੇ ਵੱਖ-ਵੱਖ ਤਖਮੀਨੇ ਜ਼ੋਨ ਵਾਇਜ਼ ਤਿਆਰ ਕੀਤੇ ਗਏ ਹਨ। ਜਿਹਨਾ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 87 (1 ਤੋ 7) ਮਿਤੀ 29.11.19 ਰਾਹੀਂ ਦਿੱਤੀ। ਇਹਨਾਂ ਕੰਮਾਂ ਲਈ ਵਿਸਤਾਰਪੂਰਵਕ ਐਨ.ਆਈ.ਟੀ, ਟਰਮਜ਼ ਕੰਡੀਸ਼ਨਜ਼ ਅਤੇ ਅਲੀਜੀਬਿਲਟੀ ਕਰਾਈਟੀਰਿਆ ਤਿਆਰ ਕਰਕੇ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਇਹਨਾਂ ਕੰਮਾਂ ਲਈ ਪ੍ਰਾਪਤ ਟੈਂਡਰਾਂ ਵਿੱਚੋ **ਸਟਾਰ ਰੇਟ ਕੈਲਕੁਲੇਟ** ਕਰਕੇ ਵੱਖ-ਵੱਖ ਜ਼ੋਨਾਂ ਦੇ ਕੰਮ ਇਕ ਹੀ ਰੇਟ ਤੇ ਅਲੀਜੀਬਿਲਟੀ ਕਰਾਈਟੀਰਿਆ ਅਨੁਸਾਰ ਠੇਕੇਦਾਰਾਂ ਨੂੰ ਅਲਾਟ ਕੀਤੇ ਜਾਣੇ ਹਨ, ਪਰੰਤੂ ਕਿਸੇ ਵੀ ਇਕ ਠੇਕੇਦਾਰ ਨੂੰ 2 ਤੋ ਜਿਆਦਾ ਜ਼ੋਨ ਨਹੀ ਦਿੱਤੇ ਜਾਣੇ। ਇਹਨਾ ਕੰਮਾਂ ਲਈ ਪਹਿਲੀ ਬਾਰੀ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 03.12.19 ਮੰਗੇ ਗਏ, ਜ਼ੋਨ ਨੰ: 1 ਅਤੇ 7 ਲਈ 3-3 ਟੈਂਡਰ ਪ੍ਰਾਪਤ ਹੋਇਆ। ਸਾਰੇ ਜ਼ੋਨਾਂ ਦੇ ਕੁੱਲ 21 ਟੈਂਡਰ ਪ੍ਰਾਪਤ ਹੋਏ। ਹੈਲਦੀ ਕੰਪੀਟੀਸ਼ਨ ਨੂੰ ਮੁੱਖ ਰੱਖਦੇ ਹੋਏ ਸਾਰੇ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਜ਼ੋਨ ਵਾਇਜ਼ ਪ੍ਰਾਪਤ ਵਿੱਤੀ ਬਿਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦੇ ਕੰਮ ਬਾਰੇ।ਜ਼ੋਨ ਨੰ: | ਤਖਮੀਨਾ ਰੁਪਏ | ਅਜੰਸੀ ਦਾ ਨਾਮ ਅਤੇ ਪ੍ਰਾਪਤ ਸੇਵਿੰਗ | | |
|---|---|---|---|---|---|
| 1 | ਜ਼ੋਨ 1 | 5013332/- | **ਮੈਸ: ਸਰੀਨ ਕੰਟਰੈਕਟਰ ਸੇਵਿੰਗ 2.25%** | ਲੁਥਰਾ ਐਂਟਰਪ੍ਰਾਇਸਿਜ਼ ਸੇਵਿੰਗ 1.13% | ਐਸ ਕੇ ਈ ਇੰਜੀਨੀਅਰਜ਼ ਸੇਵਿੰਗ 1.10% |
| 2 | ਜ਼ੋਨ 2 | 5550464/- | **ਜਗਦੀਸ਼ ਇਲੈਕਟ੍ਰਿਕ ਵਰਕਸ ਸੇਵਿੰਗ 2.22%** | ਐਸ ਕੇ ਈ ਇੰਜੀਨੀਅਰਜ਼ ਸੇਵਿੰਗ 1.40% | ਗੁਰਮ ਇਲੈਕਟ੍ਰਿਕਲ ਸੇਵਿੰਗ 1.25% |
| 3 | ਜ਼ੋਨ 3 | 5334204/- | **ਐਸ ਕੇ ਈ ਇੰਜੀਨੀਅਰਜ਼ ਸੇਵਿੰਗ 2%** | ਜਗਦੀਸ਼ ਇਲੈਕਟ੍ਰਿਕ ਵਰਕਸ ਸੇਵਿੰਗ 1.50% | ਮੈਸ: ਸਰੀਨ ਕੰਟਰੈਕਟਰ ਸੇਵਿੰਗ 1.50% |
| 4 | ਜ਼ੋਨ 4 | 8100727/- | **ਤਰਨਤਾਰਨ ਇਲੈਕਟ੍ਰਿਕ ਕੰਪਨੀ ਸੇਵਿੰਗ 2.30%** | ਲੁਥਰਾ ਐਂਟਰਪ੍ਰਾਇਸਿਜ਼ ਸੇਵਿੰਗ 1.13% | ਗੁਰਮ ਇਲੈਕਟ੍ਰਿਕਲ ਸੇਵਿੰਗ 1.50% |
| 5 | ਜ਼ੋਨ 5 | 6007476/- | **ਲੁਥਰਾ ਐਂਟਰਪ੍ਰਾਇਸਿਜ਼ ਸੇਵਿੰਗ 2.13%** | ਤਰਨਤਾਰਨ ਇਲੈਕਟ੍ਰਿਕ ਕੰਪਨੀ ਸੇਵਿੰਗ 1% | ਜਗਦੀਸ਼ ਇਲੈਕਟ੍ਰਿਕ ਵਰਕਸ ਸੇਵਿੰਗ 1% |
| 6 | ਜ਼ੋਨ 6 | 6180684/- | **ਲੁਥਰਾ ਐਂਟਰਪ੍ਰਾਇਸਿਜ਼ ਸੇਵਿੰਗ 2.13%** | ਤਰਨਤਾਰਨ ਇਲੈਕਟ੍ਰਿਕ ਕੰਪਨੀ ਸੇਵਿੰਗ 1% | ਮੈਸ: ਸਰੀਨ ਕੰਟਰੈਕਟਰ ਸੇਵਿੰਗ 1.50% |
| 7 | ਜ਼ੋਨ 7 | 4103295/- | **ਗੁਰਮ ਇਲੈਕਟ੍ਰਿਕਲ ਸੇਵਿੰਗ 2.01%** | ਜਗਦੀਸ਼ ਇਲੈਕਟ੍ਰਿਕ ਵਰਕਸ ਸੇਵਿੰਗ 1.50% | ਤਰਨਤਾਰਨ ਇਲੈਕਟ੍ਰਿਕ ਕੰਪਨੀ ਸੇਵਿੰਗ 1.65% |

ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਐਨ.ਆਈ.ਟੀ ਦੀਆਂ ਟਰਮਜ਼ ਕੰਡੀਸ਼ਨਜ਼ ਅਨੁਸਾਰ ਪ੍ਰਾਪਤ ਲੋਐਸਟ ਰੇਟ ਨੂੰ ਸਟਾਰ ਰੇਟ ਮੰਨ ਕੇ ਸਾਰੇ ਜ਼ੋਨਾਂ ਦਾ ਕੰਮ ਸਟਾਰ ਰੇਟ ਤੇ ਅਲਾਟ ਕੀਤਾ ਜਾਣਾ ਹੈ ਅਤੇ ਕਿਸੇ ਵੀ ਇਕ ਅਜੰਸੀ ਨੂੰ 2 ਤੋ ਵੱਧ ਜ਼ੋਨਾਂ ਦਾ ਕੰਮ ਅਲਾਟ ਨਹੀ ਕੀਤਾ ਜਾਣਾ। ਟੈਂਡਰ ਵਿੱਚ ਹਿੱਸਾ ਲੈਣ ਵਾਲੇ ਸਾਰੇ ਠੇਕੇਦਾਰਾਂ ਨੇ ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਟਰਮਜ਼ ਕੰਡੀਸ਼ਨਜ਼ ਨੂੰ ਲਿਖਤੀ ਰੂਪ ਵਿੱਚ ਮੰਨਿਆ ਹੋਇਆ ਹੈ। ਉਪਰੋਕਤ ਟੇਬਲ ਅਨੁਸਾਰ ਲੋਐਸਟ ਰੇਟ **2.30% ਪ੍ਰਾਪਤ ਹੋਇਆ ਹੈ।**

ਜ਼ੋਨ ਨੰ: 1 ਦੇ 3 ਟੈਂਡਰ ਪ੍ਰਾਪਤ ਹੋਏ ਹਨ, ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਸਰੀਨ ਕੰਟਰੈਕਟਰ ਦਾ ਹੈ, ਜਿਸ ਨੇ 2.25% ਸੇਵਿੰਗ ਆਫਰ ਕੀਤੀ ਹੈ।

ਜ਼ੋਨ ਨੰ: 2 ਦੇ 3 ਟੈਂਡਰ ਪ੍ਰਾਪਤ ਹੋਏ ਹਨ, ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਜਗਦੀਸ਼ ਇਲੈਕਟ੍ਰਿਕਲ ਵਰਕਸ ਦਾ ਹੈ, ਜਿਸ ਨੇ 2.22% ਸੇਵਿੰਗ ਆਫਰ ਕੀਤੀ ਹੈ।

ਜ਼ੋਨ ਨੰ: 3 ਦੇ 3 ਟੈਂਡਰ ਪ੍ਰਾਪਤ ਹੋਏ ਹਨ, ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਐਸ.ਕੇ.ਈ ਇੰਜੀਨੀਅਰਜ਼ ਦਾ ਹੈ, ਜਿਸ ਨੇ 2% ਸੇਵਿੰਗ ਆਫਰ ਕੀਤੀ ਹੈ।

ਜ਼ੋਨ ਨੰ: 4 ਦੇ 3 ਟੈਂਡਰ ਪ੍ਰਾਪਤ ਹੋਏ ਹਨ, ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਤਰਨਤਾਰਨ ਇਲੈਕਟ੍ਰਿਕਲ ਕੰਪਨੀ ਦਾ ਹੈ, ਜਿਸ ਨੇ 2.30% ਸੇਵਿੰਗ ਆਫਰ ਕੀਤੀ ਹੈ।

ਜ਼ੋਨ ਨੰ: 5 ਅਤੇ 6 ਦੇ 3 ਟੈਂਡਰ ਪ੍ਰਾਪਤ ਹੋਏ ਹਨ, ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਲੁਥਰਾ ਐਂਟਰਪ੍ਰਾਇਸਿਜ਼ ਦਾ ਹੈ, ਜਿਸ ਨੇ ਦੋਹਾਂ ਜ਼ੋਨਾਂ ਵਿੱਚ 2.13% ਸੇਵਿੰਗ ਆਫਰ ਕੀਤੀ ਹੈ।

ਜ਼ੋਨ ਨੰ: 7 ਦੇ 3 ਟੈਂਡਰ ਪ੍ਰਾਪਤ ਹੋਏ ਹਨ, ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਗੁਰਮ ਇਲੈਕਟ੍ਰਿਕਲ ਦਾ ਹੈ, ਜਿਸ ਨੇ 2.01% ਸੇਵਿੰਗ ਆਫਰ ਕੀਤੀ ਹੈ।

ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਐਨ.ਆਈ.ਟੀ ਦੀਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਅਨੁਸਾਰ ਵੱਖ-ਵੱਖ ਠੇਕੇਦਾਰਾਂ ਨੂੰ ਸਟਾਰ ਰੇਟ ਵਾਲੀ ਐਨ.ਆਈ.ਟੀ ਦੀ ਕੰਡੀਸ਼ਨ ਅਨੁਸਾਰ 2.30% ਦੀ ਸੇਵਿੰਗ ਤੇ ਅਲਾਟ ਕਰਨਾ ਬਣਦਾ ਹੈ। ਇਸ ਲਈ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ।ਕਮਿਸ਼ਨਰ ਜੀ ਨੇ ਮਿਤੀ 10.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਹ ਟੈਂਡਰ ਰੱਦ ਕੀਤੇ ਜਾਂਦੇ ਹਨ ਅਤੇ ਟੈਂਡਰ ਦੋਬਾਰਾ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.12.2019

ਮਤਾ ਨੰਬਰ:-218

ਵਿਸ਼ਾ:- ਨਗਰ ਨਿਗਮ ਵਿੱਚ ਚੱਲ ਰਹੇ ਟਿਊਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ-ਰਖਾਵ ਵਾਸਤੇ 6 ਐਮ.ਐਮ.,10 ਐਮ.ਐਮ ਅਤੇ 16 ਐਮ.ਐਮ. ਸਬਮਰਸੀਬਲ ਕੇਬਲ ਖਰੀਦਣ ਬਾਰੇ।

ਪੜ੍ਹਿਆ ਨੋਟ ਡਿਪਟੀ ਕੰਟਰੋਲਰ, ਵਿੱਤ ਅਤੇ ਲੇਖਾ (ਵੀ. ਅਤੇ ਆਰ.) ਮਿਤੀ 10.12.2019 ਕਿ ਉਪਰੋਕਤ ਵਿਸ਼ੇ ਤੇ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ:196 ਮਿਤੀ 21.11.2019 ਰਾਂਹੀ ਇਹ ਫੈਸਲਾ ਕੀਤਾ ਹੈ ਕਿ ਡਿਪਟੀ ਕੰਟਰੋਲਰ(ਵਿੱਤ ਅਤੇ ਲੇਖਾ)(ਆਰ) ਅਤੇ ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ)(ਵੀ) ਇਸ ਮਿਸਲ ਨੂੰ ਘੋਖ ਕੇ ਰਿਪੋਰਟ ਕਰਣ।ਇਸ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਇਸ ਕੇਸ ਵਿੱਚ ਸਬਮਰਸੀਬਲ ਕੇਬਲ 6 ਐਮ.ਐਮ.,10 ਐਮ.ਐਮ ਅਤੇ 16 ਐਮ.ਐਮ. ਖਰੀਦਣ ਲਈ ਰਕਮ 1406088/- ਰੁਪਏ ਦਾ ਤਖਮੀਨਾ ਪਾਸ ਕੀਤਾ ਗਿਆ ਸੀ।ਇਹ ਤਖਮੀਨਾ ਇਕ ਕੁਟੇਸ਼ਨ ਜ਼ੋ ਕੁਮਰਾ ਇੰਲੈਕਟ੍ਰਿਕ ਸਟੋਰ ਸੁਲਤਾਨਪੁਰ ਰੋਡ ਕਪੂਰਥਲਾ ਤੋਂ ਲੈਕੇ ਉਸ ਰੇਟ ਦੇ ਸਮੁੱਖ ਬਣਾਇਆ ਗਿਆ ਸੀ। ਇਸ ਉਪਰੰਤ ਅਖਬਾਰ ਵਿਚ ਐਨ.ਆਈ.ਟੀ ਦੇ ਕੇ ਟੈਂਡਰ ਮੰਗ ਗਏ ਸਨ ਤੇ ਮੈ:ਧਰੂਵ ਟਿਊਬਵੈਲ ਇੰਜੀਨੀਅਰ ਪੰਚਕੂਲਾ ਦਾ ਟੈਂਡਰ ਐਲ.1 ਪਾਉਣ ਤੇ ਉਸ ਨੂੰ ਵਿੱਤ ਅਤੇ ਲੇਖਾ ਕਮੇਟੀ ਵੱਲੋਂ ਪ੍ਰਵਾਨ ਕੀਤਾ ਗਿਆ ਸੀ। ਮੈ:ਧਰੂਵ ਟਿਊਬਵੈਲ ਇੰਜੀਨੀਅਰਜ ਪੰਚਕੂਲਾ ਵੱਲੋਂ ਸਿਰਫ ਸ਼ਾਲੀਮਾਰ ਮੇਕ ਦੀ ਕੇਬਲ ਸਪਲਾਈ ਕਰਣ ਦੀ ਸ਼ਰਤ ਲਗਾਈ ਸੀ ਜੱਦ ਕਿ ਤਖਮੀਨੇ ਵਿੱਚ ਫਿਨੋਲੈਕਸ,ਸ਼ਾਲੀਮਾਰ,ਐਲ.ਐਡ.ਟੀ ਅਤੇ ਪਲਾਜ਼ਾ ਮੇਕ ਦਾ ਉਲੇਖ ਕੀਤਾ ਗਿਆ ਹੈ ਪ੍ਰੰਤੂ ਐਨ.ਆਈ.ਟੀ ਵਿੱਚ ਫਿਨੋਲੈਕਸ,ਸ਼ਾਲੀਮਾਰ ਅਤੇ ਐਲ.ਐਡ.ਟੀ ਦਾ ਹੀ ਮੇਕ ਹੈ ਭਾਵ ਇਥੋਂ ਪਲਾਜ਼ਾ ਮੇਕ ਨਹੀਂ ਪਾਇਆ ਗਿਆ ਫਰਮ ਦਾ ਪਹਿਲਾ ਅਤੇ ਦੂਜਾ ਚਲਤ ਬਿਲ ਪਾਸ ਹੋ ਚੁੱਕਾ ਹੈ ਹੁਣ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਰਹਿੰਦੇ 50% ਦੀ ਸਪਲਾਈ ਲੈਣ ਲਈ ਮਤਾ ਪਾਸ ਕੀਤਾ ਜਾਣਾ ਹੈ ਤਾਂ ਸਭਾਵਿਕ ਹੈ ਕਿ ਠੇਕੇਦਾਰ ਅਪਣੀ ਸ਼ਰਤ ਮੁਤਾਬਿਕ ਸ਼ਾਲੀਮਾਰ ਮੇਕ ਦਾ ਹੀ ਸਮਾਨ ਸਪਲਾਈ ਕਰੇਗਾ।ਉਪਰੋਕਤ ਤੋਂ ਹੇਠ ਲਿਖੇ ਨੁਕਤੇ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰਣ ਲਈ ਪੇਸ਼ ਕੀਤੇ ਜਾਂਦੇ ਹਨ।

1.) ਜੋ ਰੇਟ ਨਿਸ਼ਚਿਤ ਕਰਣ ਲਈ ਅਨੈਲਸਿਸ ਤਿਆਰ ਕੀਤੇ ਗਏ ਹਨ ਉਸ ਦੀ ਕੁਟੇਸ਼ਨ ਇਕ ਦੁਕਾਨ ਜੋ ਕਪੂਰਥਲੇ ਤੋਂ ਸੁਲਤਾਨਪੁਰ ਲੋਧੀ ਜਾਣ ਵਾਲੀ ਸੜਕ ਤੇ ਸਥਿਤ ਹੈ ਦੇ ਰੇਟਾਂ ਨੂੰ ਅਧਾਰ ਮੰਨ ਕੇ ਤਿਆਰ ਕੀਤੇ ਗਏ ਹਨ।ਜਲੰਧਰ ਸ਼ਹਿਰ ਵਿਖੇਂ ਫਗਵਾੜਾ ਗੇਟ ਜਿਥੇਂ ਇਸ ਸਮਾਨ ਦੀ ਹੋਲਸੇਲ ਦੀ ਮਾਰਕੀਟ ਹੈ ਉਥੋਂ ਕੁਟੇਸ਼ਨ ਲੈਣ ਲਈ ਓ.ਐਡ.ਐਮ ਸ਼ਾਖਾ ਵੱਲੋਂ ਕੀ ਵਾਜਬ ਨਹੀਂ ਸਮਝਿਆ ਗਿਆ ਭਾਵ ਇਸ ਕੇਸ ਵਿੱਚ ਮਾਰਕੀਟ ਸਰਵੈ ਬਿਲਕੁੱਲ ਨਹੀਂ ਕੀਤਾ ਗਿਆ ਜ਼ੋ ਰੇਟ ਦੁਕਾਨਦਾਰ ਵੱਲੋਂ ਦਿੱਤਾ ਗਿਆ ਉਸ ਨੂੰ ਹੀ ਅਧਾਰ ਮੰਨ ਕੇ ਰੇਟ ਨਿਸ਼ਚਿਤ ਕਰ ਲਿਆ ਗਿਆ ਹੈ। ਜੱਦ ਕਿ ਬਿਜਲੀ ਦੇ ਅਜਿਹੇ ਉਪਕਰਣ ਉਪਰ ਐਮ.ਆਰ.ਪੀ ਤੋਂ 30% ਤੋਂ 45% ਘੱਟ ਰੇਟ ਤੇ ਸਮਾਨ ਮਿਲ ਜਾਂਦਾ ਹੈ।

2.) ਤਖਮੀਨੇ ਵਿੱਚ ਜ਼ੋ ਚਾਰ ਮੇਕ ਸ਼ਾਲੀਮਾਰ,ਐਲ.ਐਡ.ਟੀ, ਫਿਨੋਲੈਕਸ ਅਤੇ ਪਲਾਜਾ ਦਰਸਾਏ ਹਨ ਉਹਨਾਂ ਦੇ ਰੇਟ ਸਬੰਧੀ ਬਹੁੱਤ ਫਰਕ ਹੈ ਇਸ ਲਈ ਇਹਨਾਂ ਨੂੰ ਇਕੱਠਾ ਲੈਣਾ ਬਿਲਕੁੱਲ ਹੀ ਵਾਜਬ ਨਹੀਂ ਹੈ ਫਿਨੋਲੈਕਸ ਅਤੇ ਐਲ.ਐਡ.ਟੀ ਇਕ ਪੱਧਰ ਦੇ ਹਨ ਜੱਦ ਕਿ ਰੇਟ ਮੁਤਾਬਿਕ ਸ਼ਾਲੀਮਾਰ ਉਹਨਾਂ ਤੋਂ ਘੱਟ ਅਤੇ ਪਲਾਜ਼ਾ ਮੇਕ ਉਸ ਤੋਂ ਵੀ ਘੱਟ ਰੇਟ ਦੀ ਹੈ।

3.) ਐਨ.ਆਈ.ਟੀ ਵਿੱਚ ਤਿੰਨ ਮੇਕ ਦਾ ਉਲੇਖ ਕੀਤਾ ਗਿਆ ਸੀ ਜੱਦ ਕਿ ਮੈ: ਧਰੂਵ ਟਿਊਬਵੈਲ ਇੰਜੀਨੀਅਰ ਪੰਚਕੂਲਾ ਵੱਲੋਂ ਇਕ ਹੀ ਮੇਕ ਦੀ ਸ਼ਰਤ ਲਗਾਈ ਗਈ ਜ਼ੋ ਕਿ ਠੇਕੇਦਾਰ ਨੂੰ ਸੂਵਿਧਾਜਣਕ ਸੀ ਪ੍ਰੰਤੂ ਨਗਰ ਨਿਗਮ ਦੇ ਹਿੱਤ ਵਿੱਚ ਨਹੀਂ ਹੈ ਇਸ ਲਈ ਨਗਰ ਨਿਗਮ ਦੇ ਹਿੱਤ ਵਿੱਚ ਜ਼ੋ ਸ਼ਰਤ ਨਹੀਂ ਸੀ ਉਸ ਸਬੰਧੀ ਟੈਂਡਰ ਮੰਜੂਰ ਕਰਣ ਲਈ ਜ਼ੋ ਸਿਫਾਰਸ਼ ਕੀਤੀ ਗਈ ਉਹ ਵੀ ਗਲਤ ਹੈ।

ਉਪਰੋਕਤ ਤੋਂ ਸਪਸ਼ਟ ਹੈ ਕਿ ਇਸ ਕੇਸ ਵਿੱਚ ਕਾਫੀ ਖਾਮੀਆ ਹਨ।ਕ੍ਰਿਪਾ ਕਰਕੇ ਕਿਸੇ ਇਕ ਕੇਸ ਨੂੰ ਲੈ ਕੇ ਉਸ ਨੂੰ ਲੋਜਿਕਲ ਐਂਡ ਤੱਕ ਪੜਤਾਲ ਕਰਣ ਲਈ ਇਕ ਕਮੇਟੀ ਬਣਾ ਦਿੱਤੀ ਜਾਵੇ ਤਾਂ ਜ਼ੋ ਉਸ ਵਿੱਚ ਪਾਏ ਜਾਣ ਵਾਲੇ ਨਤੀਜਿਆ ਨੂੰ ਉਦਾਰਣ ਦੇ ਤੋਰ ਤੇ ਨਿਸ਼ਚਿਤ ਕਰ ਲਿਆ ਜਾਵੇ ਜ਼ੋ ਬਾਕੀ ਸਾਰਿਆ ਲਈ ਇਕ ਸਬਕ ਹੋਵੇ ਕਿਉਂਕਿ ਵੱਖ-ਵੱਖ ਫਾਇਲਾਂ ਨੂੰ ਘੋਖਣ ਲਈ ਕਾਫੀ ਸਮਾਂ ਜਾਇਆ ਜਾਂਦਾ ਹੈ ਅਤੇ ਉਸ ਦੀ ਬਚੱਤ ਕੀਤੀ ਜਾ ਸਕੇ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.12.2019 ਰਾਹੀਂ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਸ ਬਾਬਤ ਇੱਕ ਕਮੇਟੀ ਗਠਤ ਕਰਨ ਦਾ ਅਧਿਕਾਰ ਮੇਅਰ ਜੀ ਨੂੰ ਦਿੱਤਾ ਜਾਂਦਾ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

**ਮਤਾ ਨੰਬਰ:-219**

ਵਿਸ਼ਾ:- ਮਾਡਲ ਹਾਊਸ ਨਿਅਰ ਘੁੱਲੇ ਦੀ ਚੱਕੀ ਰਿਗ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ ਕੇ.ਪੀ ਪਾਰਕ ਵਿਖੇ ਲਗਾਉਣ ਦੀ ਪ੍ਰਵਾਨਗੀ ਬਾਰੇ। ਨਵਾਂ ਵਾਰਡ ਨੰ: 39

ਤਖਮੀਨਾ ਰੁਪਏ: 19,80,722/-
ਟੈਂਡਰ ਮੰਗੇ ਰੁਪਏ: 19,05,722/-(ਬਿਜਲੀ ਕੁਨੈਕਸ਼ਨ ਦੇ ਰਾਖਵੇ ਰੁਪਏ 75,000/-)
ਟੈਂਡਰ ਅਮਾਉਂਟ ਰੁਪਏ: 17,29,443/- ਸੇਵਿੰਗ 9.25%
ਅਜੰਸੀ ਦਾ ਨਾਮ:- ਮੈ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ
ਈ.ਪੀ.ਐਫ ਨੰ: LD JAL 1042952 ESI No. 29000 61441 0000 999

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 19,80,722/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 179(22) ਮਿਤੀ 05-12-16 ਰਾਹੀਂ ਦਿੱਤੀ ਸੀ। ਇਸ ਤਖਮੀਨੇ ਵਿੱਚੋ ਰੁਪਏ 75,000/- ਬਿਜਲੀ ਕੁਨੈਕਸ਼ਨ ਦੇ ਰਾਖਵੇ ਰੱਖ ਕੇ ਬਾਕੀ ਰੁਪਏ 19,05,722/- ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਐਨ.ਆਈ.ਟੀ ਨੰ: 35 ਮਿਤੀ 16.05.17 ਰਾਹੀਂ ਇਸ ਕੰਮ ਦੇ ਠੇਕੇਦਾਰਾਂ ਕੋਲੋਂ ਟੈਂਡਰ ਮਿਤੀ 15.06.17 ਰਾਹੀਂ ਮੰਗੇ ਗਏ, ਸਿਰਫ 3 ਟੈਂਡਰ ਪ੍ਰਾਪਤ ਹੋਏ, ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ, ਜਿਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 39 ਮਿਤੀ 22.09.17 ਰਾਹੀਂ ਦਿੱਤੀ ਸੀ।

ਇਸ ਕੰਮ ਦਾ ਇਕਰਾਰਨਾਮਾ ਕਰ ਲਿਆ ਗਿਆ ਅਤੇ ਵਰਕ ਆਰਡਰ ਨੰ: ਸੀ.ਈ/ਈ.ਟੀ/52 ਮਿਤੀ 30.11.17 ਜਾਰੀ ਕੀਤਾ ਗਿਆ ਅਤੇ ਕੰਮ ਮੁਕੰਮਲ ਕਰਨ ਲਈ 4 ਮਹੀਨੇ ਦਾ ਸਮਾਂ ਦਿੱਤਾ ਗਿਆ, ਪਰੰਤੂ ਟਿਊਬਵੈਲ ਲਗਾਉਣ ਲਈ ਕੋਈ ਸਾਈਡ ਉਪਲਬੱਧ ਨਾ ਹੋਣ ਕਰਕੇ ਅਤੇ ਠੇਕੇਦਾਰ ਵੱਲੋਂ ਨਗਰ ਨਿਗਮ ਜਲੰਧਰ ਤੇ ਉਸ ਦੇ ਪੈਡਿੰਗ ਬਿੱਲਾਂ ਦੀ ਅਦਾਇਗੀ ਨਾ ਹੋਣ ਕਾਰਨ ਉਸ ਵੱਲੋਂ ਟਿਊਬਵੈਲ ਲਗਾਉਣ ਦਾ ਕੰਮ ਸ਼ੁਰੂ ਨਹੀ ਕੀਤਾ ਗਿਆ।

ਸੀਨਿਅਰ ਡਿਪਟੀ ਮੇਅਰ ਸ੍ਰੀਮਤੀ ਸੁਰਿੰਦਰ ਕੌਰ ਜੀ ਨੇ ਪੱਤਰ ਮਿਤੀ 14.12.19 ਰਾਹੀਂ ਨਿਗਰਾਨ ਇੰਜੀਨੀਅਰ ਨੂੰ ਲਿਖਿਆ ਹੈ ਕਿ **ਕੇ.ਪੀ ਪਾਰਕ** ਦੇ ਨਾਲ ਲਗੇ ਇਲਾਕੀਆਂ ਵਾਰਡ ਨੰ: 39 ਨਵਾਂ ਵਿਖੇ ਪੀਣ ਵਾਲੇ ਪਾਣੀ ਦੀ ਬਹੁਤ ਘਾਟ ਹੈ। ਇਸ ਲਈ ਹਾਲ ਦੀ ਘੜੀ **ਮਾਡਲ ਹਾਊਸ ਨਿਅਰ ਘੁਲੇ ਦੀ ਚੱਕੀ** ਪੁਰਾਣਾ ਵਾਰਡ ਨੰ: 48 ਵਾਲਾ ਅਲਾਟ ਟਿਊਬਵੈਲ **ਕੇ.ਪੀ ਪਾਰਕ** ਵਿਖੇ ਲਗਵਾ ਦਿੱਤਾ ਜਾਵੇ ਤਾਂ ਜ਼ੋ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹਇਆ ਹੋ ਸਕੇ। ਉਪਰੋਕਤ ਨੂੰ ਮੁੱਖ ਰੱਖਦੇ ਹੋਏ **ਮਾਡਲ ਹਾਉਸ ਨਿਅਰ ਘੁਲੇ ਦੀ ਚੱਕੀ ਰਿਗ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ ਕੇ.ਪੀ ਪਾਰਕ ਲਗਾਉਣ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ।** ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 16.12.19 ਰਾਹੀਂ ਸਾਇਟ ਬਦਲੀ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.12.19 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.12.2019

**ਮਤਾ ਨੰਬਰ:-220**

ਵਿਸ਼ਾ:- ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰ: 194 ਮਿਤੀ 21.11.2019 ਦੇ ਫੈਸਲੇ ਸਬੰਧੀ ।

ਪੜ੍ਹਿਆ ਨੋਟ ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਮਿਤੀ 13.12.2019 ਕਿ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰ: 194 ਮਿਤੀ 21.11.2019 ਰਾਹੀਂ ਜ਼ੋ ਬਜਵਾਰਾ ਕੋ-ਅਪਰੇਟਿਵ ਐਲ.ਸੀ. ਸੋਸਾਇਟੀ ਸਬੰਧੀ ਫੈਸਲਾ ਲਿਆ ਸੀ ਉਸ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਸਭਾ ਵਲੋਂ ਨਾ ਤਾਂ ਆਪਣਾ ਬੈਗ ਗੁੰਮ ਹੋਣ ਬਾਰੇ ਪੁਲਿਸ ਕੋਲ ਦਰਜ ਕਰਾਈ ਗਈ ਰਿਪੋਰਟ ਦੀ ਕਾਪੀ ਟ੍ਰਕ ਅਤੇ ਨਾ ਹੀ ਉਸ ਦੀ ਡੋਂਗਲ ਕਿਸੇ ਹੋਰ ਵੱਲੋਂ ਇਸਤੇਮਾਲ ਕਰਨ ਤੇ ਲਿਖਾਈ ਗਈ ਐਫ.ਆਈ.ਆਰ. ਦੀ ਕਾਪੀ ਦਫਤਰ ਵਿਚ ਮੁਹੱਈਆ ਕਰਵਾਈ ਹੈ ਇਸ ਤਰ੍ਹਾਂ ਵਿੱਤ ਅਤੇ ਠੇਕਾ ਕਮੇਟੀ ਵਲੋਂ ਲਏ ਗਏ ਫੈਸਲੇ ਅਨੁਸਾਰ ਇਸ ਮਤੇ ਅਨੁਸਾਰ ਐਫ.ਆਈ.ਆਰ. ਦਰਜ ਕਰਵਾਉਣ ਹਿਤ ਮਿਸਲ ਬੀ.ਐਂਡ ਆਰ. ਸ਼ਾਖਾ ਨੂੰ ਭੇਜਣ ਲਈ ਰਿਪੋਰਟ ਸਮੇਤ ਮਿਸਲ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.12.19 ਅਨੁਸਾਰ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਸਬੰਧਤ ਸੋਸਾਇਟੀ ਵਿਰੁੱਧ ਐਫ.ਆਈ.ਆਰ. ਦਰਜ ਕਰਵਾਈ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
20.12.2019

ਮਤਾ ਨੰਬਰ:-221

ਵਿਸ਼ਾ:- ਬੀ ਐਂਡ ਆਰ ਸ਼ਾਖਾ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No | W. No | Name of Work | Est. Amt. | Saving %age | Tender Amt. | Name of Agency | Tender called (No. of times) | No. of Valid Tender Received | House Resolution |
|---|---|---|---|---|---|---|---|---|---|
| 1. | 36 | Const of various streets near gurudwara sahib, Bhargo Camp | 37.71 | 18.13 | 30.56 | Sh. Jatinderpal singh Contractor | 2nd Time | 3 | 99(16) 25.6.18 |
| 2. | 23 | Const. of streets with interlocking paver in Eidgah Mohalla, Garha | 9.02 | 17.08 | 7.41 | The Satnam Co. Op. LC Society | 2nd Time | 3 | 163(8) 18.10.18 |
| 3. | 60 | Const. of CC flooring in streets near Lovely Tent House in Niwin Abadi Santokhpura. | 17.67 | 15.99 | 14.84 | Sh. Jatinderpal singh Contractor | 2nd Time | 4 | 97(47) 25.6.18 |
| 4. | 39 | Renovation &development of K.P.Park | 2.48 | 15.08 | 2.09 | The Satnam Co. Op. LC Society | 6th Time | 2 | 99(32) 25.6.18 |
| 5. | 60 | Const. of CC flooring in streets in mohalla New Laxmipura. | 12.91 | 13.93 | 11.11 | Sh. Jatinderpal singh Contractor | 2nd Time | 4 | 114(6) 23.7.18 |
| 6. | 24 | Construction of streets with Interlocking tiles in ward no. 24 near Urban Estate Phase-II Railway Crossing. | 9.67 | 12.69 | 8.44 | The Laxmi Co. Op. LC Society | 2nd Time | 5 | 80(63) 29.11.19 |
| 7. | Gen | Construction of CC road around rotary opposite No-exit (Model Town) | 37.80 | 7.99 | 34.78 | Sh. Vikas Gambhir Govt. Contractor | 2nd Time | 4 | 80(60) 29.11.19 |
| 8. | Gen | P/L 80mm thick interlocking tile Shaheed Babu Labh Singh pully to Ratan Nagar pully. | 43.62 | 6.93 | 40.60 | The Laxmi Co. Op. LC Society | 2nd Time | 3 | 80(20) 29.11.19 |
| 9. | 9 | P/L Interlocking Tiles in streets of area Kaki Pind in | 22.39 | 6.93 | 20.62 | The Laxmi Co. Op. LC Society | 2nd Time | 3 | 100(13) 25.6.18 |
| 10. | 17 | Laying of BM & PC in Branch Streets of Guru Gobind Singh Avenue | 24.77 | 5.90 | 22.68 | M/s Bhushan Chhura &co | 6th Time | 1 | 100(47) 25.6.18 |
| 11. | 11 | P/F of interlocking tiles on Revenue Road in Village Barring. | 16.74 | 5.40 | 15.68 | The Danishmanda Co. Op. LC Society | 1st Time | 3 | Anticipation of house |
| 12. | 11 | P/F of interlocking tiles in the balance streets of Village Paragpur. | 27.23 | 5.04 | 25.86 | The Laxmi Co. Op. LC Society | 1st Time | 3 | Anticipation of house |
| 13. | 21 | P/L of PC in the streets of Atwal Nagar Colony | 13.65 | 2.90 | 13.23 | M/s Bhushan Chhura &co | 6th Time | 1 | 101(18) 25.6.18 |
| 14. | 68 | P/L SDBC on roads near pasricha hospital. | 9.41 | 1.08 | 9.13 | M/s Satish Aggarwal &co | 6th Time | 1 | 97(92) 25.6.18 |

| | | | | | | | | | |
|---|---|---|---|---|---|---|---|---|---|
| 15. | 24 | Const of roads in Urban Estate ph-1<br>i) Renovation of roads using Kerb Chanel & Stone<br>ii) Laying of premix carpet on roads of Urban Estate ph-1 | 36.81 | 1.08 | 35.93 | M/s Satish Aggarwal &co | 6th Time | 1 | 98(15) 25.6.18 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

**ਮਤਾ ਨੰਬਰ:-222**

ਵਿਸ਼ਾ:- ਪੀ.ਐਲ ਆਫ ਸੀ.ਸੀ ਇਨ ਸਟਰੀਟਸ ਨਿਅਰ ਕਰਨ ਹਸਪਤਾਲ ਐਡਜੁਆਇਨਿੰਗ ਝੰਡੀਆ ਵਾਲਾ ਪੀਰ ਨਿਅਰ ਚਿੱਕ ਚਿੱਕ।

**ਹਵਾਲਾ:** ਵਰਕ ਆਰਡਰ ਨੰ: ਸੀ.ਈ./ਡਬਲਯੂ/53 ਮਿਤੀ 08-03-2019, ਪੱਤਰ ਨੰ. ਸੀ.ਈ(ਜੇ)-ਡਬਲਯੂ/2195 ਮਿਤੀ 28.6.2019, ਪੱਤਰ ਨੰ. ਸੀ.ਈ(ਜੇ)-ਡਬਲਯੂ/105 ਮਿਤੀ 24.07.2019 ਅਤੇ ਪੱਤਰ ਨੰ. ਸੀ.ਈ (ਜੇ)-4 ਮਿਤੀ 09.09.2019

ਪੜ੍ਹਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ.ਐਂਡ ਆਰ.) ਮਿਤੀ 23.9.2019 ਕਿ ਉਪਰੋਕਤ ਸਬੰਧੀ ਲਿਖਿਆ ਜਾਂਦਾ ਹੈ ਕਿ ਠੇਕੇਦਾਰ ਨੂੰ ਵਿਸ਼ੇ ਅਧੀਨ ਦਰਸਾਇਆ ਕੰਮ ਹਵਾਲੇ ਅਧੀਨ ਦਰਸਾਏ ਵਰਕ ਆਰਡਰ ਰਾਹੀਂ ਅਲਾਟ ਕੀਤਾ ਗਿਆ ਸੀ ਅਤੇ ਇਹ ਕੰਮ ਪੂਰਾ ਕਰਨ ਲਈ 5 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਠੇਕੇਦਾਰ ਵਲੋਂ ਕੰਮ ਨਾ ਕਰਨ ਤੇ ਦੋ ਵਾਰ ਨੋਟਿਸ ਪੱਤਰ ਨੰ. ਸੀ.ਈ.(ਜੇ)-2195 ਮਿਤੀ 28.06.2019 ਅਤੇ ਦੂਸਰਾ ਨੋਟਿਸ ਪੱਤਰ ਨੰ. ਸੀ.ਈ(ਜੇ)-ਡਬਲਯੂ/105 ਮਿਤੀ 24.07.2019 ਰਾਹੀਂ ਭੇਜਿਆ ਗਿਆ ਪ੍ਰੰਤੂ ਠੇਕੇਦਾਰ ਵਲੋਂ ਕੰਮ ਸ਼ੁਰੂ ਨਹੀਂ ਕੀਤਾ ਗਿਆ। ਇਸ ਦਫ਼ਤਰ ਵਲੋਂ ਤੀਸਰਾ ਅਤੇ ਅੰਤਿਮ ਨੋਟਿਸ ਪੱਤਰ ਨੰ. ਸੀ.ਈ (ਜੇ)- 4 ਮਿਤੀ 09.09.2019 ਰਾਹੀਂ ਭੇਜਿਆ ਗਿਆ ਜਿਸ ਵਿੱਚ ਠੇਕੇਦਾਰ ਨੂੰ ਕੰਮ ਜਲਦ ਤੋਂ ਜਲਦ ਸ਼ੁਰੂ ਕਰਕੇ 7 ਦਿਨ੍ਹਾਂ ਵਿੱਚ ਖਤਮ ਕਰਨ ਲਈ ਲਿਖਿਆ ਗਿਆ ਸੀ।ਇਸ ਨੋਟਿਸ ਉਪਰੰਤ ਠੇਕੇਦਾਰ ਵਲੋਂ ਲਗਭਗ 40% ਕੰਮ ਹੀ ਕੀਤਾ ਗਿਆ ਅਤੇ ਬਾਅਦ ਵਿੱਚ ਕੰਮ ਬੰਦ ਕਰ ਦਿੱਤਾ ਗਿਆ ਹੈ। ਇਸ ਕੰਮ ਲਈ ਸਬੰਧਤ ਸਟਾਫ ਅਤੇ ਨਿਮਨਹਸਤਾਖਰੀ ਵਲੋਂ ਠੇਕੇਦਾਰ ਨੂੰ ਕਈ ਵਾਰੀ ਇਹ ਕੰਮ ਕਰਨ ਲਈ ਕਿਹਾ ਗਿਆ ਹੈ ਪ੍ਰੰਤੂ ਠੇਕੇਦਾਰ ਵੱਲੋ ਇਹ ਕੰਮ ਪੂਰਾ ਨਹੀ ਕੀਤਾ ਗਿਆ। ਟੈਂਡਰ ਦੀਆਂ ਸ਼ਰਤਾਂ ਅਨੁਸਾਰ ਠੇਕੇਦਾਰ ਦੇ ਖਿਲਾਫ ਬਣਦੀ ਕਾਰਵਾਈ ਕਰਨ ਦੀ ਜਿਵੇਂ ਕਿ ਪਨੈਲਟੀ ਲਗਾਉਣਾ/ਡੀਬਾਰ ਕਰਨਾ/ ਬਲੈਕ ਲਿਸਟ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 23.9.2019 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿਚ ਫੈਸਲੇ ਹਿਤ ਰੱਖਣ ਦੀ ਸ਼ਿਫਾਰਸ਼ ਕੀਤੀ ਹੈ ।

ਕਮਿਸ਼ਨਰ ਜੀ ਨੇ ਮਿਤੀ 24.9.2019 ਰਾਹੀਂ ਲਿਖਿਆ ਹੈ ਕਿ Work order be cancelled EMD be confiscated Tender for remaining work be called again.

ਮਾਨਯੋਗ ਮੇਅਰ ਜੀ ਨੇ ਮਿਤੀ 13.12.2019 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਸਬੰਧਤ ਠੇਕੇਦਾਰ ਨੂੰ ਬਲੈਕ ਲਿਸਟ ਕੀਤਾ ਜਾਂਦਾ ਹੈ ਅਤੇ ਇਹ ਵੀ ਫੈਸਲਾ ਹੋਇਆ ਕਿ ਬਾਕੀ ਦਾ ਕੰਮ ਸੈਕੰਡ ਲੋਅਸਟ ਅਜੰਸੀ ਪਾਸੋਂ ਕਰਵਾਉਣ ਦੀ ਮੰਜੂਰੀ ਦਿੱਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019

**ਮਤਾ ਨੰਬਰ:-223**

ਵਿਸ਼ਾ:- ਕੰਸਟਰਕਸ਼ਨ ਆਫ ਸੀ.ਸੀ. ਰੋਡ ਫਰਾਮ ਗੁਰਦੁਆਰਾ ਛੇਵੀਂ ਪਾਤਸ਼ਾਹੀ ਟੂ ਦੁਸ਼ਹਿਰਾ ਗਰਾਉਂਡ (25% ਸੋਧ ਕਰਨ ਬਾਰੇ ।

ਕੰਮ ਦਾ ਤਖਮੀਨਾ ਰੁਪਏ 13,71,000/- ਸੋਧਿਆ ਤਖਮੀਨਾ ਰੁਪਏ 17,13,000/-

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀ. ਬਰਾਂਚ ਵਲੋਂ ਤਿਆਰ ਕੀਤਾ ਗਿਆ। ਜਿਸ ਨੂੰ ਨਗਰ ਨਿਗਮ ਨੇ ਆਪਣੇ ਮਤਾ ਨੰ: 99(47) ਮਿਤੀ 25.6.2018 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਕੰਮ ਦੇ ਟੈਂਡਰ 26.3.2019 ਨੂੰ ਈ-ਟੈਡਰਿੰਗ ਰਾਹੀਂ ਮੰਗੇ ਗਏ ਤੇ 6 ਟੈਂਡਰ ਪ੍ਰਾਪਤ ਹੋਏ। ਸਭ ਤੋਂ ਘੱਟ ਰੇਟ ਦਾ ਟੈਂਡਰ ਦੀ ਤੇਜ਼ ਮੋਹਨ ਕੋ:ਅਪ ਐਲ.ਸੀ. ਸੋਸਾਇਟੀ ਦਾ ਪਾਇਆ ਗਿਆ। ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਨੇ ਆਪਣੇ ਮਤਾ ਨੰ: 103 ਮਿਤੀ 25.7.2019 ਰਾਹੀਂ ਪ੍ਰਵਾਨ ਕੀਤਾ। ਜਿਸ ਉਪਰੰਤ ਠੇਕੇਦਾਰ ਨੂੰ ਵਰਕ ਆਰਡਰ ਨੰ: ਸੀਈ-ਡਬਲਯੂ/59 ਮਿਤੀ 2.8.2019 ਰਾਹੀਂ ਅਲਾਟ ਕੀਤਾ ਗਿਆ ।

ਮੌਕੇ ਤੇ ਠੇਕੇਦਾਰ ਵਲੋਂ ਕੰਮ ਸੁਰੂ ਕਰ ਦਿੱਤਾ ਗਿਆ ਹੈ। ਇਥੇ ਇਹ ਦੱਸਣ ਯੋਗ ਹੈ ਕਿ ਡਿਪਟੀ ਮੇਅਰ ਜੀ ਵਲੋਂ ਲਿਖਤੀ ਰੂਪ ਵਿਚ ਲਿਖ ਕੇ ਦਿੱਤਾ ਗਿਆ ਹੈ ਕਿ ਮੌਕੇ ਤੇ ਨਾਲ ਲੱਗਦੀ ਸੜਕ ਜ਼ੋ ਕਿ ਤਖਮੀਨੇ ਵਿਚ ਨਹੀਂ ਲਈ ਗਈ ਹੈ ਦੀ ਹਾਲਤ ਕਾਫੀ ਖਰਾਬ ਹੋ ਚੁੱਕੀ ਹੈ ਵੀ ਬਣਾ ਦਿੱਤੀ ਜਾਵੇ। ਜਿਸ ਕਾਰਨ ਇਸ ਕੰਮਦਾ ਸੋਧਿਆ ਤਖਮੀਨਾ ਰੁਪਏ 17,13,000/- ਦਾ ਤਿਆਰ ਕੀਤਾ ਗਿਆ ਹੈ, ਜ਼ੋ ਕਿ ਅਸਲ ਅਸਲ ਤਖਮੀਨੇ ਰੁਪਏ 13.71 ਲੱਖ ਦੇ 25% ਦੇ ਅੰਦਰ-ਅੰਦਰ ਹੈ। ਜਿਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਲੋੜੀਂਦੀ ਹੈ ਅਤੇ ਇਸ ਕੰਮ ਦੀ ਮਿਆਦ ਵਿਚ ਤਿੰਨ ਮਹੀਨੇ ਦਾ ਵਾਧਾ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਜਾਵੇ। ਇਸ ਲਈ ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਉਕਤ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿਤ ਪੇਸ਼ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.12.2019 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

20.12.2019